# ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਕਲਾਸ : ਬੀ. ਏ. 3** — **ਸਮੈਸਟਰ ਪੰਜਵਾਂ**

**ਪੇਪਰ : ਧਰਮ ਅਧਿਐਨ** — **ਯੂਨਿਟ : 1**

**ਮਾਧਿਅਮ : ਪੰਜਾਬੀ**

## ਪਾਠ ਨੰ.


1.1 : ਧਰਮ ਦਾ ਆਰੰਭ

1.2 : ਧਰਮ ਦੀ ਪਰਿਭਾਸ਼ਾ ਤੇ ਸਰੂਪ

1.3 : ਮੁਢਲੇ ਧਾਰਮਿਕ ਵਿਸ਼ਵਾਸ : ਮਾਨਾ, ਐਨੀਮਿਜ਼ਮ, ਟੋਟਮ

1.4 : ਧਾਰਮਿਕ ਪ੍ਰਗਟਾਵੇ (ਮਿੱਥ)

1.5 : ਜਾਦੂ ਤੇ ਟੈਬੂ

1.6 : ਧਰਮ ਤੇ ਦਰਸ਼ਨ-ਸਮਾਨਤਾ ਤੇ ਅੰਤਰ

1.7 : ਧਰਮ ਅਤੇ ਨੈਤਿਕਤਾ-ਅੰਤਰ ਅਤੇ ਸੰਬੰਧ



**Department website : www.pbidde.org**

# B.A. PART III Semester V
## FOR 2019-20, 2020-21 & 2021-22 for Sessions
## (ਪ੍ਰਾਚੀਨ ਧਰਮ, ਧਰਮ ਸੰਸਕਾਰ ਤੇ ਉਦੇਸ਼)

| For Regular and Distance Education Students<br>Lecture 75%<br>Maximum Marks : 100<br>External Examination : 75 Marks<br>Internal Assessment : 25 Marks | Time Allowed : 3 Hours<br>Pass Marks : 35% |
|---|---|

### ਪੇਪਰ ਸੈਟਰ ਲਈ ਹਦਾਇਤਾਂ
### (ਰੈਗੂਲਰ ਅਤੇ ਡਿਸਟੈਂਸ ਐਜੂਕੇਸ਼ਨ ਲਈ)

1. ਪ੍ਰਸ਼ਨ ਪੱਤਰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾਵੇਗਾ। ੳ, ਅ ਅਤੇ ੲ। ੳ ਸੈਕਸ਼ਨ ਦੇ ਪ੍ਰਸ਼ਨ ਪੱਤਰ ਦਾ ਪੇਪਰ ਸੈਟਰ ਚਾਰ ਪ੍ਰਸ਼ਨਾਂ ਵਿਚ ਏ ਅਤੇ ਬੀ ਸੈਕਸ਼ਨ ਦਾ ਸਿਲੇਬਸ ਕਵਰ ਕਰੇਗਾ। ਚਾਰ ਪ੍ਰਸ਼ਨਾਂ ਵਿਚੋਂ ਵਿਦਿਆਰਥੀ ਦੋ ਪ੍ਰਸ਼ਨ ਹੱਲ ਕਰਨਗੇ ਤੇ ਹਰੇਕ ਪ੍ਰਸ਼ਨ 10 ਨੰਬਰ ਦਾ ਹੋਵੇਗਾ। (10 X 2 = 20)

2. ਸੈਕਸ਼ਨ ਅ ਵਿੱਚ ਸਾਰੇ ਸਿਲੇਬਸ ਵਿਚੋਂ ਸੱਤ ਪ੍ਰਸ਼ਨ ਪੁੱਛੇ ਜਾਣਗੇ ਅਤੇ ਵਿਦਿਆਰਥੀਆਂ ਲਈ 7 ਪ੍ਰਸ਼ਨਾਂ ਵਿਚੋਂ 5 ਦਾ ਉੱਤਰ ਦੇਣਾ ਲਾਜ਼ਮੀ ਹੋਵੇਗਾ ਤੇ ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ। (5X5 =25)

3. ੲ ਸੈਕਸ਼ਨ ਵਿਚੋਂ ਸਾਰੇ ਪ੍ਰਸ਼ਨ ਜ਼ਰੂਰੀ ਹੋਣਗੇ। ਪ੍ਰੀਖਿਅਕ ਵੱਲੋਂ ਛੋਟੇ ਉਤਰਾਂ ਵਾਲੇ 15 ਪ੍ਰਸ਼ਨ ਪੁੱਛੇ ਜਾਣਗੇ ਅਤੇ ਹਰੇਕ ਪ੍ਰਸ਼ਨ 2 ਅੰਕਾਂ ਦਾ ਹੋਵੇਗਾ। (15 X 2 = 30)

### (ਪ੍ਰਾਈਵੇਟ ਵਿਦਿਆਰਥੀਆਂ ਲਈ)

1. ਪ੍ਰਸ਼ਨ ਪੱਤਰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾਵੇਗਾ। ੳ, ਅ ਅਤੇ ੲ। ੳ ਸੈਕਸ਼ਨ ਦੇ ਪ੍ਰਸ਼ਨ ਪੱਤਰ ਦਾ ਪੇਪਰ ਸੈਟਰ ਚਾਰ ਪ੍ਰਸ਼ਨਾਂ ਵਿਚ ਏ ਅਤੇ ਬੀ ਸੈਕਸ਼ਨ ਦਾ ਸਿਲੇਬਸ ਕਵਰ ਕਰੇਗਾ। ਚਾਰ ਪ੍ਰਸ਼ਨਾਂ ਵਿਚੋਂ ਵਿਦਿਆਰਥੀ ਦੋ ਪ੍ਰਸ਼ਨ ਹੱਲ ਕਰਨਗੇ ਤੇ ਹਰੇਕ ਪ੍ਰਸ਼ਨ ਸਾਢੇ ਬਾਰਾਂ ਨੰਬਰ ਦਾ ਹੋਵੇਗਾ। (12.5 X 2 = 25)

2. ਸੈਕਸ਼ਨ ਅ ਵਿੱਚ ਸਾਰੇ ਸਿਲੇਬਸ ਵਿਚੋਂ ਸੱਤ ਪ੍ਰਸ਼ਨ ਪੁੱਛੇ ਜਾਣਗੇ ਅਤੇ ਵਿਦਿਆਰਥੀਆਂ ਲਈ 7 ਪ੍ਰਸ਼ਨਾਂ ਵਿਚੋਂ 5 ਦਾ ਉੱਤਰ ਦੇਣਾ ਲਾਜ਼ਮੀ ਹੋਵੇਗਾ ਤੇ ਹਰੇਕ ਪ੍ਰਸ਼ਨ 6 ਅੰਕਾਂ ਦਾ ਹੋਵੇਗਾ। (5X6 =30)

3. ੲ ਸੈਕਸ਼ਨ ਵਿਚੋਂ ਸਾਰੇ ਪ੍ਰਸ਼ਨ ਜ਼ਰੂਰੀ ਹੋਣਗੇ। ਪ੍ਰੀਖਿਅਕ ਵੱਲੋਂ ਛੋਟੇ ਉਤਰਾਂ ਵਾਲੇ 15 ਪ੍ਰਸ਼ਨ ਪੁੱਛੇ ਜਾਣਗੇ ਅਤੇ ਹਰੇਕ ਪ੍ਰਸ਼ਨ 3 ਅੰਕਾਂ ਦਾ ਹੋਵੇਗਾ। (15 X 3 = 45)

### ਪਰੀਖਿਆਰਥੀਆਂ ਲਈ ਹਦਾਇਤਾਂ

ਵਿਦਿਆਰਥੀਆਂ ਨੇ ਭਾਗ ੳ ਦੇ ਚਾਰ ਪ੍ਰਸ਼ਨਾਂ ਵਿਚੋਂ ਦੋ ਪ੍ਰਸ਼ਨਾਂ ਦੇ ਉਤਰ ਦੇਣੇ ਹੋਣਗੇ। ਪ੍ਰਸ਼ਨ ਪੱਤਰ ਦੇ ਭਾਗ ਅ ਵਿਚੋਂ ਸੱਤ ਪ੍ਰਸ਼ਨਾਂ ਵਿਚੋਂ ਪੰਜ ਪ੍ਰਸ਼ਨਾਂ ਦੇ ਉਤਰ ਦੇਣੇ ਹੋਣਗੇ। ਭਾਗ ੲ ਦੇ ਸਾਰੇ ਪ੍ਰਸ਼ਨਾਂ ਦਾ ਉਤਰ ਦੇਣਾ ਲਾਜ਼ਮੀ ਹੋਵੇਗਾ ਜਿਸ ਵਿੱਚ ਵਿਦਿਆਰਥੀ 15 ਛੋਟੇ ਪ੍ਰਸ਼ਨਾਂ ਦੇ ਉਤਰ ਦੇਣਗੇ।

### ਭਾਗ (ੳ)–ਪ੍ਰਾਚੀਨ ਧਰਮ

1. ਧਰਮ ਦਾ ਆਰੰਭ ਅਤੇ ਧਰਮ ਦੀ ਪਰਿਭਾਸ਼ਾ ਤੇ ਸਰੂਪ

2. ਪ੍ਰਾਚੀਨ ਅਤੇ ਉਸਦੇ ਧਾਰਮਿਕ ਵਿਸ਼ਵਾਸ਼ਐਨੀਮਿਜ਼ਮ, ਮਾਨਾ, ਟੋਟਮ
3. ਮੁਢਲੇ ਧਾਰਮਿਕ ਪ੍ਰਗਟਾਵੇ –ਜਾਦੂ, ਮਿੱਥ, ਟੈਬੂ
4. ਧਰਮ ਤੇ ਦਰਸ਼ਨ –ਪਰਿਭਾਸ਼ਾ ਤੇ ਸਰੂਪ
5. ਧਰਮ ਤੇ ਨੈਤਿਕਤਾ –ਪਰਿਭਾਸ਼ਾ ਤੇ ਸਰੂਪ
6. ਧਰਮ ਤੇ ਦਰਸ਼ਨ : ਸਮਾਨਤਾ ਅਤੇ ਅੰਤਰ

**ਭਾਗ (ਅ)–ਧਰਮ ਸੰਸਕਾਰ ਅਤੇ ਉਦੇਸ਼**

1. ਧਰਮ ਸੰਸਕਾਰ : ਪਰਿਭਾਸ਼ਾ, ਅਰਥ ਅਤੇ ਸਰੂਪ
2. ਧਰਮ ਦਾ ਉਦੇਸ਼ : ਪਰਿਭਾਸ਼ਾ, ਅਰਥ ਅਤੇ ਸਰੂਪ
3. ਸੰਸਕਾਰ : ਜਨਮ, ਧਰਮ ਪ੍ਰਵੇਸ਼, ਮਿਰਤਕ ਸੰਸਕਾਰ
4. ਧਰਮ ਦਾ ਵਿਅਕਤੀਗਤ ਉਦੇਸ਼
5. ਧਰਮ ਦ ਪਰਿਵਾਰਕ ਉਦੇਸ਼
6. ਧਰਮ ਦਾ ਸਮਾਜਿਕ ਉਦੇਸ਼

**ਭਾਗ (ੲ)**

ਸੰਖੇਪ ਉੱਤਰਾਂ ਵਾਲੇ ਪੰਦਰਾਂ ਪ੍ਰਸ਼ਨ

**ਪੁਸਤਕਾਂ**


1 G.S.Talib (ed.): The Origin and Development of Religion, Punajbi University, Patiala.
2 E.O.James: Begining of Religion, Arrow Books, Hutchinson, London
3 Stephen Fuchs: Origin of Religion, Pontifical Institute of Theology and Philosphy, Kerala.
4 Richards Comstoc: Studies of Religion and Primitive Religion, Dover Pblications, New York.
5 ਖ੍ਰਿਸਟੋਫਰ ਅਗਤੁਸ ਬਿਕਸਲ ਤਿਰਕੀ੍ਆਦਿਮ ਧਰਮ (ਹਿੰਦੀ), ਹਿੰਦੀ ਬਿਆਲਜਜੀਕਲ ਲਿਟਰੇਚਰ ਕਮੇਟੀ, 1968, ਨਾਰਥ ਸਿਵਿਲ ਲਾਈਨਜ਼, ਜਬਲਪੁਰ।
6 ਵਾਈ ਮਸੀਹ੍ ਸਾਮਾਨਯ ਧਰਮ ਦਰਸ਼ਨ (ਹਿੰਦੀ), ਮੋਤੀ ਲਾਲ ਬਨਾਰਸੀ ਦਾਸ, ਦਿੱਲੀ।
7 J. Streng: understanding Religious Life, Dickenson Publishing Company, Inc. California.
8 William L. Bloss: Theories of Religion, Punjabi University, Patiala.
9 E.O. James: Comparative Religion, Methun and Co., London.
10 Hutechinson: Paths of Faith, McGraw Hill Book Company, New york, 197.
11 Paul Rodin: Primitive Religion.
12 Evanz Pritchand: Theories of Primitive Religion.
13 M. Yinger: Religion, Society and the Individual.
14 ਗੁਰਮੀਤ ਸਿੰਘ ਸਿੱਧੂ, ਧਰਮ : ਆਧੁਨਿਕ ਅਤੇ ਉਤਰਾਧੁਨਿਕ ਸਿਧਾਂਤ
15. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ
16 ਗੁਰਬਚਨ ਸਿੰਘ ਤਾਲਿਬ, ਧਰਮ ਦੀ ਉਤਪਤੀ ਅਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪਾਠ ਨੰ: 1.1

## ਧਰਮ ਦਾ ਆਰੰਭ

1.1.1 ਉਦੇਸ਼
1.1.2 ਭੂਮਿਕਾ
1.1.3 ਪ੍ਰਾਚੀਨ ਮਨੁੱਖ ਵਿਚ ਧਰਮ ਪ੍ਰਤੀ ਵਿਚਾਰਾਂ ਦਾ ਪ੍ਰਗਟ ਹੋਣਾ
1.1.4 ਕੁਦਰਤ ਦੀ ਕਰੋਪੀ
1.1.5 ਧਰਮ ਦਾ ਉਤਪਤੀ
1.1.6 ਵਿਹਾਰਕ ਜੀਵਨ ਲਈ ਧਰਮ ਦੀ ਲੋੜ
1.1.6.1 ਮ੍ਰਿਤਕ ਨੂੰ ਦਫ਼ਨ ਕਰਨ ਦੀਆਂ ਰੀਤਾਂ
1.1.6.2 ਸ਼ਿਕਾਰ ਦੀਆਂ ਰਸਮਾਂ ਰੀਤਾਂ
1.1.6.3 ਗਰਭ ਤੇ ਜਨਮ ਬਾਰੇ ਰੀਤਾਂ
1.1.6.4 ਮ੍ਰਿਤਕ ਦੀ ਕਪਾਲ ਕ੍ਰਿਆ
1.1.6.5 ਸਰਬ ਵਿਆਪੀ ਅਕਾਸ਼ ਦੇਵ
1.1.7 ਸਿੱਟਾ
1.1.8 ਪ੍ਰਸ਼ਨ
1.1.9 ਪੁਸਤਕਾਂ

**1.1.1 ਉਦੇਸ਼ :-**

ਸੰਸਾਰ ਦੇ ਬਹੁਤ ਸਾਰੇ ਭਾਗਾਂ ਵਿੱਚ ਅਜਿਹੇ ਲੋਕ ਹਨ ਜਿਨ੍ਹਾਂ ਦਾ ਜੀਵਨ ਢੰਗ ਹੁਣ ਤੱਕ ਪ੍ਰਾਚੀਨਮਈ ਪੱਧਰ ਦਾ ਰਿਹਾ ਹੈ। ਮਨੁੱਖ ਜਾਤੀ ਦੇ ਵਿਕਾਸ ਕਰਨ ਦੇ ਨਾਲ-ਨਾਲ ਉਹਨਾਂ ਦੇ ਧਾਰਮਿਕ ਵਿਸ਼ਵਾਸ ਵੀ ਵਿਕਾਸ ਕਰਦੇ ਹਨ। ਪ੍ਰਾਚੀਨ ਪੱਧਰ ਦੇ ਜਿਆਦਾਤਰ ਵਿਸ਼ਵਾਸ ਸੂਝ ਅਤੇ ਸੂਖਮਤਾ ਤੋਂ ਹੋ ਸਕਦਾ ਹੈ ਕਿ ਸੱਖਣੇ ਹੋਣ ਪਰ ਧਰਮ ਦੀ ਸ਼ੁਰੂਆਤ ਦਾ ਮੁੱਢਲਾ ਅਧਾਰ ਇਹੀ ਸਨ। ਇਸ ਕਰਕੇ ਇਸ ਪਾਠ ਵਿੱਚ ਵਿਦਿਆਰਥੀਆਂ ਨੂੰ ਉਹਨਾਂ ਸਾਰੇ ਧਾਰਮਿਕ ਵਿਸ਼ਵਾਸਾਂ (ਜੋ ਸਿਲੇਬਸ ਦਾ ਹਿੱਸਾ ਹਨ) ਉਪਰ ਝਾਤ ਪਵਾਈ ਗਈ ਹੈ। ਇਸ ਵਿਚ ਕੁਦਰਤ ਦੀ ਕਰੋਪੀ ਅਤੇ ਧਰਮ ਦੇ ਆਰੰਭ ਦੇ ਨਾਲ-ਨਾਲ, ਧਾਰਮਿਕ ਵਿਸ਼ਵਾਸ ਕਿਵੇਂ ਬਣਦੇ ਹਨ, ਕਿਵੇਂ ਵਿਕਾਸ ਕਰਦੇ ਹਨ ਆਦਿ ਬਾਰੇ ਵਿਚਾਰ ਵੀ ਕੀਤੀ ਗਈ ਹੈ।

**1.1.2 ਭੂਮਿਕਾ :**

ਮਨੁੱਖ ਜਾਤੀ ਦੇ ਇਤਿਹਾਸ ਵਿਚ ਧਰਮ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਬਹੁਤ ਪੜਾਅ ਤਹਿ ਕਰਦਾ ਹੈ। ਪਰ ਜਦੋਂ ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਨਹੀਂ ਹੁੰਦਾ ਤਾਂ ਉਹ ਕਾਲਪਨਿਕ ਅਧਾਰਾਂ ਦਾ ਸਹਾਰਾ ਲਭਦਾ ਹੈ। ਇਸ ਨਾਲ ਮਨੁੱਖ ਦੇ ਧਾਰਮਿਕ ਵਿਸ਼ਵਾਸ ਸਮੇਂ-ਸਮੇਂ ਅਨੁਸਾਰ ਬਣਦੇ ਹਨ, ਜਿਥੋਂ ਧਰਮ ਦੀ ਸ਼ੁਰੂਆਤ ਹੁੰਦੀ ਹੈ। ਇਹਨਾਂ ਧਾਰਮਿਕ ਵਿਸ਼ਵਾਸਾਂ ਦੇ ਮੁੱਢ ਅਤੇ ਮਨੁੱਖ ਜਾਤੀ ਦੀ ਪ੍ਰਾਚੀਨਤਾ ਉਪਰ ਵਿਚਾਰ ਇਸ ਪਾਠ ਵਿੱਚ ਵਿਚਾਰ ਕੀਤਾ ਗਿਆ।

ਮਾਨਵਜਾਤੀ ਦੇ ਸ਼ਾਸਤਰੀਆਂ ਦਾ ਵਿਚਾਰ ਹੈ ਕਿ ਮਨੁੱਖ ਨੂੰ ਇਸ ਧਰਤੀ ਤੇ ਪੈਦਾ ਹੋਏ ਕੋਈ

3,00,000 ਸਾਲ ਹੋ ਚੁੱਕੇ ਹਨ। ਪੁਰਾਣੀ ਸਭਿਅਤਾ ਦੀਆਂ ਜੋ ਵਸਤਾਂ ਮਿਲੀਆਂ ਹਨ ਅਤੇ ਜੋ ਮਨੁੱਖੀ ਪਿੰਜਰ ਅਤੇ ਅਵਸ਼ੇਸ਼ ਵੱਖ-ਵੱਖ ਥਾਵਾਂ ਤੋਂ ਮਿਲੇ ਹਨ ਇਹ ਅਨੁਮਾਨ ਉਨ੍ਹਾਂ ਤੋਂ ਲਗਾਇਆ ਗਿਆ ਹੈ ਜਿਵੇਂ ਜਾਵਾ ਦੇਸ਼ ਵਿੱਚ 1891 ਈ. ਵਿਚ ਤਨੀਲ ਦੇ ਥਾਂ ਤੋਂ ਇਕ ਪਿੰਜਰ ਮਿਲਿਆ ਸੀ, ਜਿਸ ਤੋਂ ਇਹ ਅਨੁਮਾਨ ਲਾਇਆ ਗਿਆ ਸੀ ਕਿ ਇਸ ਸਮੇਂ ਬਾਂਦਰ ਮਨੁੱਖ ਵਾਂਗ ਦੋ ਲੱਤਾਂ ਦੇ ਭਾਰ ਤੁਰਨ ਲਗ ਪਿਆ ਸੀ। ਇਹੋ ਪਿੰਜਰ ਚੂਨੇ ਚਿਨ, ਥਰੋਕਿਨ, ਰੋਡੇਸ਼ੀਆ ਵਿਚ ਬਰੋਕਿਨ ਹਿੱਲ (1921), ਜਰਮਨ ਵਿਚ ਹੀਡਲ ਬਰਗ (1907), ਆਦਿ ਵਿਚ ਵੀ ਮਿਲੇ ਜਿਸ ਤੋਂ ਇਹ ਅਨੁਮਾਨ ਲਾਇਆ ਗਿਆ ਸੀ ਕਿ ਇਸ ਧਰਤੀ ਤੇ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਮਨੁੱਖੀ ਹੋਂਦ ਮੌਜੂਦ ਸੀ। 1857 ਈ. ਵਿਚ ਜਰਮਨ ਵਿਚ ਡੂਸਲਡੋਰਫ ਦੇ ਨੇੜੇ ਨੀਏਡਰਵਾਦੀ ਵਿਚੋਂ ਇਕ ਮਨੁੱਖੀ ਪਿੰਜਰ ਮਿਲਿਆ ਸੀ ਜਿਸ ਤੋਂ ਇਹ ਅਨੁਮਾਨ ਲਾਇਆ ਗਿਆ ਸੀ ਕਿ ਅਜਿਹਾ ਮਨੁੱਖ 100,000 ਤੋਂ 50,000 ਸਾਲ ਪਹਿਲਾਂ ਤੱਕ ਮਿਲਦਾ ਸੀ।

ਹੋਮੋਜੇਪੀਅਨਜ਼ ਜਿਸ ਦੇ ਬੰਸ ਵਿਚੋਂ ਅੱਜ ਦੇ ਮਨੁੱਖ ਦਾ ਜਨਮ ਮੰਨਿਆ ਜਾਂਦਾ ਹੈ, ਦੀ ਉਮਰ 50,000 ਸਾਲ ਪਹਿਲਾਂ ਦੀ ਅਨੁਮਾਨੀ ਗਈ ਹੈ। ਇਹੀ ਸਮਾਂ, ਮਨੁੱਖ ਲਈ ਸੋਚ ਵਿਚਾਰ ਅਤੇ ਬੁੱਧੀ ਦਾ ਸੀ। ਇਸ ਤੋਂ ਅੱਗੇ ਮਨੁੱਖੀ ਸਭਿਅਤਾ ਨੇ ਕਿਸ ਤਰ੍ਹਾਂ ਵਿਕਾਸ ਕੀਤਾ ਦੀ ਕੋਈ ਭਰੋਸੇਯੋਗ ਜਾਣਕਾਰੀ ਨਹੀਂ ਮਿਲਦੀ, ਕਿਉਂਕਿ ਸਾਨੂੰ ਮਨੁੱਖੀ ਇਤਿਹਾਸ 5000 ਸਾਲ ਪਹਿਲਾਂ ਤੋਂ ਪ੍ਰਾਪਤ ਨਹੀਂ ਹੁੰਦਾ। 5000 ਸਾਲ ਤੋਂ ਲੈ ਕੇ 50,000 ਸਾਲ ਤੱਕ ਦਾ ਸਮਾਂ ਪੂਰਵ ਇਤਿਹਾਸਕ ਕਾਲ ਹੈ। ਉਸ ਸਮੇਂ ਦੀ ਸਭਿਅਤਾ ਪੱਥਰ ਯੁੱਗ ਦੀ ਸਭਿਅਤਾ ਕਰਕੇ ਜਾਣੀ ਜਾਂਦੀ ਹੈ। ਇਹ ਸਮਾਂ ਸੀ ਜਦੋਂ ਮਨੁੱਖ ਨੇ ਆਪਣੇ ਬਚਾਉ ਲਈ ਪੱਥਰਾਂ ਨੂੰ ਹਥਿਆਰਾਂ ਦੇ ਤੌਰ ਤੇ ਵਰਤਣਾ ਸ਼ੁਰੂ ਕਰ ਦਿੱਤਾ ਸੀ ਤੇ ਫਿਰ ਹੌਲੀ-ਹੌਲੀ ਪੱਥਰ, ਕਾਂਸੀ, ਪਿਤਲ ਤੇ ਫਿਰ ਲੋਹਾ ਆਦਿ ਦੇ ਸੰਦ ਵਰਤਣੇ ਸ਼ੁਰੂ ਕਰ ਦਿੱਤੇ ਸਨ। ਇਨ੍ਹਾਂ ਮਨੁੱਖਾਂ ਬਾਰੇ ਸਾਡੇ ਗਿਆਨ ਦਾ ਆਧਾਰ ਕਈ ਥਾਵਾਂ ਤੋਂ ਖੁਦਾਈ ਦੌਰਾਨ ਪ੍ਰਾਪਤ ਹੋਈਆਂ ਵਸਤਾਂ ਹਨ ਜਿਵੇਂ ਭਾਂਡੇ, ਸੰਦ, ਹਥਿਆਰ, ਕਬਰਾਂ ਅਤੇ ਢੱਠੇ ਹੋਏ ਘਰ। ਪੁਰਾਤਨ ਮਨੁੱਖ ਸੰਬੰਧੀ ਜਾਣਕਾਰੀ ਦਾ ਬਹੁਤਾ ਸਰੋਤ ਧਰਤੀ ਵਿਗਿਆਨੀਆਂ, ਅਤੇ ਜੀਵ ਜੰਤੂ ਵਿਗਿਆਨੀਆਂ ਦੀ ਖੋਜ ਤੇ ਨਿਰਭਰ ਕਰਦਾ ਹੈ ਇਸ ਕਰਕੇ ਸਾਨੂੰ ਉਸ ਖੋਜ ਉਤੇ ਹੀ ਨਿਰਭਰ ਹੋਣਾ ਪਵੇਗਾ ਕਿਉਂਕਿ ਇਤਨੇ ਪੁਰਾਣੇ ਬਹੁਤ ਸਾਰੇ ਸਰੋਤ ਮਿਟ ਚੁੱਕੇ ਹਨ।

ਪੂਰਵ ਪੱਥਰ ਯੁੱਗ ਸਮੇਂ ਮਨੁੱਖ ਆਮ ਤੌਰ ਤੇ ਰੁੱਖਾਂ ਹੇਠ ਜਾਂ ਪਹਾੜੀਆਂ ਦੀਆਂ ਗੁਫਾਵਾਂ ਵਿਚ ਰਹਿੰਦਾ ਸੀ। ਉਹ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਕੇ ਆਪਣਾ ਪੇਟ ਭਰ ਲਿਆ ਕਰਦਾ ਸੀ, ਜਾਨਵਰਾਂ ਦੀਆਂ ਖੱਲਾਂ ਬਿਰਛਾਂ ਦੇ ਛਿਲਕਾਂ ਜਾਂ ਪੱਤਿਆਂ ਨਾਲ ਆਪਣਾ ਸਰੀਰ ਢੱਕ ਲਿਆ ਕਰਦਾ ਸੀ। ਇਸ ਸਮੇਂ ਤੱਕ ਮਨੁੱਖ ਨੂੰ ਅੱਗ ਬਾਲਣ ਅਤੇ ਖੇਤੀ ਕਰਨ ਦਾ ਪਤਾ ਨਹੀਂ ਸੀ। ਉਹ ਆਮ ਤੌਰ ਤੇ ਖਰ੍ਹਵੇਂ ਪੱਥਰਾਂ ਅਤੇ ਹੱਡੀਆਂ ਨੂੰ ਹਥਿਆਰਾਂ ਦੇ ਤੌਰ ਤੇ ਵਰਤਦਾ ਸੀ। ਇਸ ਤੋਂ ਪਿੱਛੋਂ ਦੇ ਸਮੇਂ ਨੂੰ ਉੱਤਰ ਪੱਥਰ ਯੁਗ (Heliolithic Age) ਕਿਹਾ ਗਿਆ ਹੈ। ਇਸ ਸਮੇਂ ਤੱਕ ਮਨੁੱਖ ਨੇ ਹੋਰ ਉੱਨਤੀ ਕਰ ਲਈ ਸੀ।ਹੁਣ ਉਸ ਨੇ ਆਪਣੇ ਬਚਾਓ ਲਈ ਅਤੇ ਸ਼ਿਕਾਰ ਕਰਨ ਲਈ ਤੇਜਧਾਰ, ਨੋਕਦਾਰ ਹਥਿਆਰਾਂ ਦੀ ਵਰਤੋਂ ਸ਼ੁਰੂ ਕਰ ਦਿੱਤੀ ਸੀ।ਉਸ ਨੇ ਫਲ ਤੇ ਹੋਰ ਬਨਸਪਤੀ ਜਿਸ ਨੂੰ ਉਹ ਅਰਾਮ ਨਾਲ ਖਾ ਸਕਦਾ ਸੀ ਤੇ ਵਰਤਣਾ ਸ਼ੁਰੂ ਕਰ ਦਿੱਤਾ ਸੀ ਅਤੇ ਉਸ ਨੇ ਹੁਣ ਭੋਜਨ ਨੂੰ ਹੀ ਭੁੰਨ ਕੇ ਜਾਂ ਪਕਾ ਕੇ ਖਾਣਾ ਸ਼ੁਰੂ ਕਰ ਦਿੱਤਾ ਸੀ। ਪੱਥਰ ਯੁੱਗ ਤੋਂ ਬਾਅਦ ਧਾਤ ਯੁੱਗ (Metal Age) ਦਾ ਸਮਾਂ ਆਇਆ, ਇਸ ਸਮੇਂ ਪ੍ਰਾਚੀਨ ਮਨੁੱਖ ਨੇ ਪਹਿਲਾਂ ਤਾਂਬੇ ਤੇ ਕਾਂਸੀ ਤੇ ਫਿਰ ਲੋਹੇ ਦੀ ਵਰਤੋਂ ਸ਼ੁਰੂ ਕਰ ਦਿੱਤੀ ਸੀ।

ਪ੍ਰਾਚੀਨ ਮਨੁੱਖ ਸ਼ਬਦ ਦੋ ਤਰ੍ਹਾਂ ਦੇ ਮਾਨਸਾਂ ਲਈ ਵਰਤਿਆ ਗਿਆ। ਇਕ ਤਾਂ ਉਹ ਮਾਨਸ ਜੋ ਬੁੱਧੀ ਪੱਖੋਂ ਬਿਲਕੁਲ ਹੀ ਅਸੱਭਿਆ ਸੀ ਭਾਵ 1,00,000 ਸਾਲ ਤੋਂ 50,000 ਸਾਲ ਪਹਿਲਾਂ ਵਿਚਰਦਾ ਸੀ ਜਿਸ ਨੂੰ ਖਾਣਾ ਪਕਾਉਣ, ਰਹਿਣ-ਸਹਿਣ ਆਦਿ ਬਾਰੇ ਬਿਲਕੁਲ ਵੀ ਜਾਣਕਾਰੀ ਨਹੀਂ ਸੀ। ਇਸ ਸਮੇਂ ਤੱਕ ਦਾ ਮਨੁੱਖ ਜੰਗਲੀ ਕਿਸਮ ਦਾ ਸੀ ਤੇ ਜੰਗਲ ਹੀ ਇਨ੍ਹਾਂ ਦਾ ਘਰ ਸੀ। ਪਰ ਇਹੀ ਸ਼ਬਦ ਵਿਗਿਆਨੀਆਂ ਨੇ ਆਧੁਨਿਕ

ਕਾਲ ਦੀਆਂ ਐਸੀਆਂ ਮਾਨਵ ਜਾਤੀਆਂ ਬਾਰੇ ਵਰਤਣਾ ਸ਼ੁਰੂ ਕਰ ਦਿੱਤਾ, ਜੋ ਵਰਤਮਾਨ ਸਭਿਅਤਾ, ਵਿਦਿਆ, ਸਭਿਆਵਾਦ ਤੋਂ ਬਿਲਕੁਲ ਅਭਿਜ ਸਨ ਤੇ ਦੂਰ ਦੂਰ ਬਣਾਂ, ਜੰਗਲਾਂ ਵਿਚ ਜਾਂ ਆਪਣੀਆਂ ਪ੍ਰਾਚੀਨ ਬਸਤੀਆਂ ਵਿਚ ਰਹਿੰਦੇ ਸਨ। ਜਿਵੇਂ ਆਸਟਰੇਲੀਆ ਦੇ ਤਸ਼ਮਾਨੀਆਂ ਲੋਕ, ਦੱਖਣੀ ਸਾਗਰਾਂ ਦੀ ਸੰਮੇਣ ਜਾਤੀ, ਮਲਾਇਆ ਦੇ ਸੀਮਾਂਗ ਲੋਕ, ਮੱਧ ਏਸ਼ੀਆ ਦੇ ਕਜ਼ਾਕ ਲੋਕ, ਉੱਤਰੀ ਜਪਾਨ ਦੇ ਐਨੋ, ਬ੍ਰਿਟਿਸ਼ ਕੋਲੰਬੀਆ ਦੇ ਹੈਡਸ ਲੋਕ, ਉੱਤਰੀ ਨਿਊਯਾਰਕ ਦੇ ਇਰੋਕੁਈ ਲੋਕ, ਅਰਜੋਨ ਦੇ ਹੋਪੀ, ਪੀਰੂ ਦੇ ਇੰਨਕੇਸ, ਐਮਜੋਨੀਆ ਦੇ ਵੀਟੋਟ, ਯੁਗੰਡਾ ਦੇ ਗੋਂਡਾ ਲੋਕ, ਪੱਛਮੀ ਅਫ਼ਰੀਕਾ ਦੇ ਕਰੋਮੀ, ਭਾਰਤ ਦੇ ਟੋਡਾ, ਭੀਲ, ਮੁੰਡਾ, ਉਰੇਨ, ਖੋਂਡਾ, ਤੇ ਨਾਗਾ ਲੋਕ। ਭਾਵੇਂ ਇਹ ਜਾਤੀਆਂ ਹਰ ਤਰ੍ਹਾਂ ਬੁੱਧੀਮਾਨ ਮਨੁੱਖ ਹਨ ਪ੍ਰੰਤੂ ਸਭਿਅਤਾ ਅਤੇ ਸਭਿਆਚਾਰ ਵਿਚ ਬਹੁਤ ਪਿੱਛੇ ਹਨ। ਇਸ ਲਈ ਲੋਕੀ ਇਨ੍ਹਾਂ ਅਨਪੜ੍ਹ ਲੋਕਾਂ ਨੂੰ ਵੀ ਪ੍ਰਾਚੀਨ ਪ੍ਰਾਣੀਆਂ ਦੇ ਨਾਂ ਨਾਲ ਯਾਦ ਕਰਦੇ ਹਨ।

### 1.1.3 ਪ੍ਰਾਚੀਨ ਮਨੁੱਖ ਵਿਚ ਧਰਮ ਪ੍ਰਤੀ ਵਿਚਾਰਾਂ ਦਾ ਪ੍ਰਗਟ ਹੋਣਾ

ਪ੍ਰਾਚੀਨ ਮਨੁੱਖ ਜਦੋ ਆਪਣੇ ਬਚਾਓ ਜਾਂ ਪੇਟ ਪੂਰਤੀ ਲਈ ਪੱਥਰ ਦੇ ਹਥਿਆਰਾਂ ਦੀ ਵਰਤੋਂ ਕਰਦਾ ਸੀ ਤਾਂ ਉਹ ਸਮਾਂ ਪ੍ਰਾਚੀਨ ਪੱਥਰ ਯੁੱਗ ਦਾ ਸੀ। ਪਰ ਜਦੋਂ ਉਸ ਨੇ ਆਪਣੇ ਪੱਥਰ ਦੇ ਹਥਿਆਰਾਂ ਨੂੰ ਕੁਝ ਘੜਾ ਕੇ ਨਵਾਂ ਰੂਪ ਦਿੱਤਾ, ਉਨ੍ਹਾਂ ਨੂੰ ਤੇਜ ਘੜ ਲਿਆ ਤਾਂ ਉਹ ਸਮਾਂ ਨਵੀਨ ਪੱਥਰ ਯੁੱਗ ਕਹਾਇਆ। ਪ੍ਰਾਚੀਨ ਸਮੇਂ ਦੇ ਮਨੁੱਖ ਨੂੰ ਸ਼ਾਇਦ ਕੱਪੜੇ ਜਾਂ ਤਨ ਢੱਕਣ ਦਾ ਵੀ ਨਾ ਪਤਾ ਹੋਵੇ। ਜੇ ਢੱਕਦਾ ਵੀ ਹੋਵੇਗਾ ਤਾਂ ਸ਼ਾਇਦ ਇਕ ਲੰਗੋਟੀ ਜੋ ਦਰੱਖਤਾਂ ਦੀ ਛਿੱਲ ਜਾਂ ਜਾਨਵਰਾਂ ਦੀ ਖੱਲ ਜਾਂ ਦਰਖਤਾਂ ਦੇ ਚੌੜੇ ਪੱਤਿਆਂ ਦੀ ਹੁੰਦੀ ਹੋਵੇਗੀ। ਉਸ ਦਾ ਕੋਈ ਘਰ-ਘਾਟ ਨਹੀਂ ਸੀ। ਇਹ ਵੀ ਹੋ ਸਕਦਾ ਹੈ ਕਿ ਉਹ ਦਰਖਤਾਂ ਦੀ ਓਟ ਜਾਂ ਪਹਾੜਾਂ ਦੀਆਂ ਖੱਡਾਂ ਦੀ ਵਰਤੋਂ ਕਰਦਾ ਹੋਵੇ। ਅੱਗ ਦੀ ਵਰਤੋਂ ਕਦੋਂ ਸ਼ੁਰੂ ਹੋਈ, ਕਦੋਂ ਇਸ ਨੇ ਭੁੰਨ ਕੇ ਖਾਣਾ ਸ਼ੁਰੂ ਕੀਤਾ, ਇਸ ਬਾਰੇ ਨਿਸ਼ਚੇ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ।ਮੱਧ ਪੱਥਰ ਯੁੱਗ ਦੇ ਸਮੇ ਤੱਕ ਉਸ ਨੇ ਆਪਣੇ ਹਥਿਆਰ ਤੇਜ ਕਰ ਲਏ ਸਨ। ਤੀਰ ਕਮਾਨ ਦੀ ਵਰਤੋਂ ਹੋਣ ਲੱਗ ਪਈ ਸੀ, ਬਰਛੀ ਦੀ ਵਰਤੋਂ ਕੀਤੀ ਜਾਣ ਲੱਗੀ। ਜਾਨਵਰਾਂ ਦੀਆਂ ਖੱਲਾਂ ਹੰਢਾਈਆਂ ਜਾਣ ਲੱਗੀਆਂ। ਅਨੁਮਾਨ ਹੈ ਕਿ ਇਸ ਸਮੇਂ ਤੱਕ ਮਨੁੱਖ ਚਿਤਰਕਾਰੀ ਤੇ ਸ਼ਿਲਪਕਾਰੀ ਵੀ ਕਰਨ ਲੱਗ ਪਿਆ ਹੋਵੇ।

ਪਿਛਲੇਰੇ ਪੱਥਰ ਯੁੱਗ ਬਾਰੇ ਕਿਹਾ ਜਾਂਦਾ ਹੈ ਕਿ ਇਸ ਸਮੇਂ ਤਕ ਠੰਡ ਬਹੁਤ ਵਧ ਚੁੱਕੀ ਸੀ ਤੇ ਠੰਡ ਤੋਂ ਬਚਣ ਲਈ ਉਸ ਨੇ ਖੱਲਾਂ ਦੀ ਅਧਿੱਕ ਵਰਤੋਂ ਸ਼ੁਰੂ ਕਰ ਦਿੱਤੀ ਹੋਵੇ। ਉਸ ਨੇ ਬਹੁਤ ਸਾਰੇ ਘਰੇਲੂ ਪਸ਼ੂ ਪਾਲ ਲਏ ਸਨ। ਸਵਿਟਜ਼ਰਲੈਂਡ ਵਿਚ ਕੁਝ ਅਜਿਹੇ ਪ੍ਰਾਚੀਨ ਘਰ ਵੀ ਮਿਲੇ ਹਨ, ਜਿਨ੍ਹਾਂ ਵਿਚ ਲੱਕੜ ਦੇ ਬਣੇ ਹੋਏ ਬਰਤਨ, ਭਾਂਡੇ, ਚਮਚੇ ਆਦਿ ਮਿਲੇ ਹਨ। ਵਿਗਿਆਨੀਆਂ ਦਾ ਅਨੁਮਾਨ ਹੈ 4000 ਤੋਂ 3000 ਈ ਪੂ. ਵਿਚ ਭਾਰਤ ਤੇ ਮਿਸਰ ਵਿਚ ਖੇਤੀ ਬਹੁਤ ਉੱਨਤ ਹੋਈ। ਮਿਸਰ ਵਾਸੀ ਨੀਲ ਨਦੀ ਦੇ ਪਾਣੀ ਨੂੰ ਤੇ ਭਾਰਤ ਵਾਸੀ ਸਿੰਧ ਨਦੀ ਦੇ ਪਾਣੀ ਨੂੰ ਸਿੰਚਾਈ ਲਈ ਵਰਤਣ ਲੱਗ ਪਏ। ਹੁਣ ਇਨ੍ਹਾਂ ਨਦੀਆਂ ਦੇ ਪਾਣੀ ਨੂੰ ਸਿੰਚਾਈ ਲਈ ਵਰਤਣ ਲਈ ਨਦੀਆਂ ਨੂੰ ਬੰਨ ਲਾਉਣ ਦੀ ਲੋੜ ਸੀ ਤਾਂ ਜੋ ਸੋਕੇ ਸਮੇਂ ਵੀ ਪਾਣੀ ਦੀ ਵਰਤੋਂ ਕੀਤੀ ਜਾ ਸਕੇ। ਇਹ ਬੰਨ੍ਹ ਲਾਉਣ ਦਾ ਕੰਮ ਕਿਸੇ ਇੱਕ ਦਾ ਨਹੀਂ ਸਗੋਂ ਇਸ ਲਈ ਇਕੱਠ ਦੀ ਲੋੜ ਸੀ। ਇਸ ਇਕੱਠ ਵਿਚੋਂ ਹੀ ਰਾਜ ਸਥਾਪਤ ਹੋਏ। ਕਾਨੂੰਨ ਬਣਾਏ ਗਏ। ਬਹੁਤ ਸਾਰੀਆਂ ਤਿਆਰ ਕੀਤੀਆਂ ਹੋਈਆਂ ਚੀਜ਼ਾਂ ਇੱਕ ਦੂਜੇ ਨਾਲ ਵਟਾ ਲਈਆਂ ਜਾਂਦੀਆਂ ਸਨ। ਨੌਕਰ ਤੇ ਮਾਲਕ ਵਿਚ ਫਰਕ ਮਿਥੇ ਗਏ। ਕੁਦਰਤ ਦੇ ਰਹੱਸਾਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਤੇ ਨਾਰਾਜ ਹੋਈ ਕੁਦਰਤ ਨੂੰ ਮਨਾਉਣ ਲਈ ਵੱਖ ਵੱਖ ਸ਼ਕਤੀਆਂ ਵਿਚ ਵੰਡ ਲਿਆ ਗਿਆ। ਇਨ੍ਹਾਂ ਸ਼ਕਤੀਆਂ ਨੂੰ ਮਨਾਉਣ ਲਈ ਜੋ ਉਪਰਾਲੇ ਕੀਤੇ ਜਾਂਦੇ ਸਨ ਉਨ੍ਹਾਂ ਨੂੰ ਕਰਵਾਉਣ ਵਾਲੇ ਪ੍ਰੋਹਤ ਕਹਾਉਣ ਲੱਗੇ।

### 1.1.4 ਕੁਦਰਤ ਦੀ ਕਰੋਪੀ :

ਮੁੱਢਲੇ ਮਾਨਵ ਲਈ ਸਭ ਤੋਂ ਅਹਿਮ ਮਸਲਾ ਆਪਣੀ ਹੋਂਦ ਨੂੰ ਕਾਇਮ ਰੱਖਣ ਦਾ ਸੀ। ਇਸ ਨੂੰ ਕੁਦਰਤੀ ਹੀ ਇਸ ਗੱਲ ਦਾ ਅਹਿਸਾਸ ਸੀ ਕਿ ਜਿਉਂਦਾ ਰਹਿਣ ਲਈ ਉਸ ਵਾਸਤੇ ਦੋ ਗੱਲਾਂ ਅਤਿਅੰਤ

ਆਵਸ਼ਕ ਹਨ। ਪੇਟ ਭਰਨ ਲਈ ਖੁਰਾਕ ਅਤੇ ਕੁਦਰਤੀ ਆਫ਼ਤਾਂ (ਗਰਮੀ, ਸਰਦੀ, ਮੀਂਹ, ਹਨੇਰੀ, ਜੰਗਲੀ ਜਾਨਵਰਾਂ) ਆਦਿ ਤੋਂ ਬਚਾਅ। ਪੇਟ ਦੀ ਪੂਰਤੀ ਤਾਂ ਮੁੱਢਲਾ ਮਨੁੱਖ ਫਲ, ਪੱਤੇ ਖਾ ਕੇ ਕਰ ਲੈਂਦਾ ਸੀ ਪਰ ਕੁਝ ਸਮਾਂ ਪਿਛੋਂ ਉਸ ਨੇ ਜੰਗਲੀ ਜਾਨਵਰਾਂ ਦਾ ਮਾਸ ਵੀ ਖਾਣਾ ਸ਼ੁਰੂ ਕਰ ਦਿੱਤਾ। ਜਾਪਦਾ ਹੈ ਕਿ ਇਸ ਤਰ੍ਹਾਂ ਦੂਜੇ ਪਾਸੇ ਕੁਦਰਤੀ ਆਫਤਾਂ ਹਨ। ਬਨਸਪਤੀ ਦੀ ਹੋਂਦ ਨੇ ਰਲ ਕੇ ਮਨੁੱਖ ਦੀ ਧਾਰਮਿਕ ਬਿਰਤੀ ਨੂੰ ਉਜਾਗਰ ਕੀਤਾ। ਪ੍ਰਾਚੀਨ ਮਨੁੱਖ ਨੂੰ ਕੁਦਰਤ ਦੀਆਂ ਤਾਕਤਾਂ, ਜਿਹੜੀਆਂ ਕਿ ਉਸ ਦੇ ਕਾਬੂ ਤੋਂ ਬਾਹਰ ਸਨ, ਜਿਵੇਂ ਕਿ ਰਾਤ ਦਾ ਅਸੀਮ ਹਨੇਰਾ ਭਿਆਨਕ ਤੇ ਡਰਾਉਣੇ ਪਹਾੜ, ਸਮੁੰਦਰ, ਝੀਲ ਤੇ ਦਰਿਆ, ਪਾਣੀ ਦੀ ਵਿਸ਼ਾਲਤਾ ਆਦਿ ਨੇ ਮਨੁੱਖ ਨੂੰ ਡਰ ਨਾਲ ਗ੍ਰਸ ਲਿਆ। ਹਵਾ ਤੇ ਮੀਂਹ ਜਿਹੜੇ ਉਸਦੇ ਦੈਨਿਕ ਜੀਵਨ ਲਈ ਜ਼ਰੂਰੀ ਸਨ ਉਸ ਲਈ ਜਿਥੇ ਲਾਭਦਾਇਕ ਸਨ ਉਥੇ ਹਾਨੀਕਾਰਕ ਸਿਧ ਹੋਣ ਲੱਗੇ। ਪਾਣੀ, ਜਿਸ ਤੋਂ ਬਿਨ੍ਹਾਂ ਉਹ ਇਕ ਦਿਨ ਵੀ ਜੀਵਤ ਨਹੀਂ ਸੀ ਰਹਿ ਸਕਦਾ, ਉਹੀ ਪਾਣੀ ਹੜ੍ਹ ਰੂਪ ਵਿਚ ਉਸ ਦਾ ਘਰ ਘਾਟ ਫਸਲਾਂ ਸਭ ਕੁਝ ਰੋੜ੍ਹਕੇ ਲੈ ਜਾਂਦਾ ਸੀ। ਹਵਾ, ਜਿਸ ਦੀ ਹੋਂਦ ਉਸ ਲਈ ਜੀਵਨ ਸੀ, ਉਹੀ ਹਵਾ ਹਨੇ ਰੀ ਦੇ ਰੂਪ ਵਿਚ ਉਸਦਾ ਘਰ ਬਾਰ, ਫਸਲਾਂ ਉਡਾਕੇ ਲੈ ਜਾਂਦੀ। ਬਿਜਲੀ ਦੀ ਗੜਗੜਾਉਂਦੀ ਆਵਾਜ਼ ਤੇ ਇਸ ਦਾ ਲਿਸ਼ਕਾਰਾਂ, ਜਿਹੜਾ ਅੱਖਾਂ ਨੂੰ ਚੁੰਧਿਆਂ ਦਿੰਦਾ, ਕਦੇ ਕਦਾਈ ਸਭ ਕੁਝ ਸੜ ਕੇ ਤਬਾਹ ਕਰ ਦਿੰਦਾ, ਸੂਰਜ ਦੀ ਝੁਲਸਣ ਵਾਲੀ ਗਰਮੀ, ਬਰਫ ਦੇ ਪਹਾੜ, ਭੂਚਾਲ, ਤੂਫਾਨ ਇਹ ਸਭ ਡਰਾਉਣੇ ਪ੍ਰਭਾਵ ਸਨ ਜਿਹੜੇ ਉਸ ਦੇ ਕਾਬੂ ਤੋਂ ਬਾਹਰ ਸਨ। ਲਹੂ ਦੇ ਤਿਹਾਏ ਜੰਗਲੀ ਜਾਨਵਰ, ਵੱਡੇ-ਵੱਡੇ ਸਰਾਲ, ਘਾਹ ਵਿਚ ਲੁਕੇ ਹੋਏ ਸੱਪ, ਕਈ ਰੋਗ, ਮੌਤ, ਇਹ ਸਾਰੀਆਂ ਹਰ ਰੋਜ਼ ਦੀਆਂ ਡਰਾਉਣੀਆਂ ਘਟਨਾਵਾਂ ਸਨ। ਉਹ ਸਦਾ ਹੀ ਇਨ੍ਹਾਂ ਡਰਾਉਣੀਆਂ ਤਾਕਤਾਂ ਤੋਂ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ। ਭਾਵੇਂ ਇਹ ਆਦਿ ਵਾਸੀ ਬਹੁਤ ਤਕੜੇ ਬਹਾਦਰ ਤੇ ਬਲਵਾਨ ਸਨ ਪਰ ਇਹ ਕੁਦਰਤੀ ਸ਼ਕਤੀਆਂ ਤੋਂ ਬਹੁਤ ਡਰਦੇ ਸਨ। ਜਿਵੇਂ ਕੇਂਦਰੀ ਏਸ਼ੀਆ ਦੇ ਵਾਸੀ ਮੰਗੋਲ ਬੜੇ ਸਖਤ ਜੋਧੇ ਸਨ ਪਰ ਇਹ ਲੋਕ ਬਿਜਲੀ ਦੀ ਕੜਕ ਤੋਂ ਇੰਨਾ ਡਰਦੇ ਸਨ ਕਿ ਜਦੋਂ ਬਿਜਲੀ ਕੜਕਦੀ ਸੀ ਤਾਂ ਇਹ ਲੋਕ ਪਾਣੀ ਵਿਚ ਚੁੱਭੀ ਮਾਰ ਜਾਂਦੇ ਸਨ ਤਾਂ ਕਿ ਉਹ ਬਿਜਲੀ ਦੀ ਮਾਰ ਤੋਂ ਬਚ ਸਕਣ, ਅਜਿਹਾ ਉਨ੍ਹਾਂ ਦਾ ਵਿਸ਼ਵਾਸ ਸੀ।

ਪ੍ਰਾਚੀਨ ਮਨੁੱਖ ਦੀ ਜਦੋਂ ਕੁਦਰਤ ਦੀਆਂ ਇਨ੍ਹਾਂ ਸ਼ਕਤੀਆਂ ਅੱਗੇ ਕੋਈ ਵਾਹ ਨਹੀਂ ਸੀ ਚਲਦੀ ਜਾਂ ਜਦੋਂ ਉਸ ਨੂੰ ਲੱਗਦਾ ਸੀ ਕਿ ਉਸ ਉੱਤੇ ਕੁਦਰਤ ਕਹਿਰਵਾਨ ਹੈ ਤਾਂ ਉਹ ਕੁਦਰਤੀ ਸ਼ਕਤੀਆਂ ਦੇ ਅੱਗੇ ਗੋਡੇ ਟੇਕ ਦਿੰਦਾ ਸੀ। ਉਸ ਦੇ ਪਿਛੇ ਉਸ ਨੂੰ ਕੋਈ ਸ਼ਕਤੀ ਕੰਮ ਕਰਦੀ ਪ੍ਰਤੀਤ ਹੁੰਦੀ। ਜਦੋਂ ਇਹ ਸ਼ਕਤੀਆਂ ਮਨੁੱਖ ਨੂੰ ਹਾਨੀ ਪਹੁੰਚਾਉਂਦੀਆਂ ਪ੍ਰਤੀਤ ਹੁੰਦੀਆਂ ਸਨ ਤਾਂ ਉਸ ਨੂੰ ਲੱਗਦਾ ਕਿ ਕੁਦਰਤ ਦੀ ਕੋਈ ਸ਼ਕਤੀ ਕਰੋਧਿਤ ਹੋ ਗਈ ਹੈ ਤੇ ਉਹ ਉਸ ਕਰੋਧਿਤ ਸ਼ਕਤੀ ਨੂੰ ਮਨਾਉਣ ਦੇ ਉਪਰਾਲੇ ਕਰਦਾ।ਇਸ ਤਰ੍ਹਾਂ ਕੁਦਰਤੀ ਆਫਤਾ ਅਤੇ ਬਨਸਪਤੀ ਦੀ ਹੋਂਦ ਨੇ ਰਲ ਕੇ ਮਨੁੱਖ ਦੀ ਧਾਰਮਿਕ ਬਿਰਤੀ ਨੂੰ ਉਜਾਗਰ ਕੀਤਾ। ਇਥੋਂ ਹੀ ਪੂਜਾ ਦਾ ਕੰਮ ਆਰੰਭ ਹੋਇਆ। ਉਹ ਕੁਦਰਤ ਦੀਆਂ ਵੱਖ-ਵੱਖ ਸ਼ਕਤੀਆਂ ਦੀ ਪੂਜਾ ਕਰਦਾ ਤੇ ਪਿਛੋਂ ਜਾਂ ਕੇ ਇਹ ਕੁਦਰਤੀ ਸ਼ਕਤੀਆਂ ਨੇ ਦੇਵ ਪੂਜਾ ਦਾ ਰੂਪ ਧਾਰਨ ਕਰ ਲਿਆ। ਮਨੁੱਖ ਨੇ ਕੁਦਰਤ ਦੀਆਂ ਇਨ੍ਹਾਂ ਸ਼ਕਤੀਆਂ ਨੂੰ ਵੱਖ-ਵੱਖ ਦੇਵਾਂ ਵਿਚ ਵੰਡ ਲਿਆ ਤੇ ਹਰ ਸ਼ਕਤੀ ਦਾ ਵੱਖ-ਵੱਖ ਦੇਵ ਨਿਰਧਾਰਿਤ ਕਰ ਲਿਆ। ਉਹ ਇਨ੍ਹਾਂ ਕੁਦਰਤੀ ਦੇਵਾਂ ਨੂੰ ਮਨਾਉਣ ਲਈ ਉਨ੍ਹਾਂ ਦੀ ਪੂਜਾ ਪਾਠ ਕਰਦਾ, ਇਥੋਂ ਹੀ ਪੂਜਾ ਪਾਠ ਦਾ ਕੰਮ ਆਰੰਭ ਹੋਇਆ। ਇਹ ਯਤਨ ਹੀ ਮਨੁੱਖ ਦੇ ਧਰਮ ਦੀ ਦਿਸ਼ਾ ਵਿਚ ਪੁੱਟੇ ਗਏ ਮੁੱਢਲੇ ਕਦਮ ਹਨ।

### 1.1.5 ਧਰਮ ਦਾ ਉਤਪਤੀ

ਇਸ ਸੰਬੰਧੀ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਕਿ ਪ੍ਰਾਚੀਨ ਕਾਲ ਵਿਚ ਧਰਮ ਦੀ ਉਤਪਤੀ ਕਿਵੇਂ ਹੋਈ। ਪਰ ਵਿਗਿਆਨੀਆਂ ਦਾ ਵਿਚਾਰ ਹੈ ਕਿ ਧਰਮ ਦੀ ਉਤਪਤੀ ਮਨੁੱਖ ਨਾਲ ਹੀ ਸ਼ੁਰੂ ਹੋਈ। ਪਰ ਧਰਮ ਦੀ ਉਤਪਤੀ ਸੰਬੰਧੀ ਸਾਰੇ ਸਿਧਾਂਤ ਕੇਵਲ ਕਿਆਸ ਹੀ ਹਨ। ਧਰਮ ਹਰ ਸਮਾਜ ਤੇ ਹਰ ਸਮੂਹ ਵਿਚ ਮੌਜੂਦ ਸੀ। ਧਰਮ ਦੀ ਉਤਪਤੀ ਬਾਰੇ ਆਰ.ਆਰ. ਮੈਰਿਟ (R.R. Marett) ਲਿਖਦੇ ਹਨ ਕਿ

ਇਹ ਨਿਯਮ ਕਿ ਹਰ ਚੀਜ਼ ਦੀ ਕਿਤੋਂ ਸ਼ੁਰੂਆਤ ਹੋਇਆ ਕਰਦੀ ਹੈ, ਮਨੁੱਖਤਾ ਦੀ ਕਿਸੇ ਵੀ ਮੁੱਖ ਸੰਸਥਾ ਤੇ ਲਾਗੂ ਹੁੰਦਾ ਦਿਖਾਈ ਨਹੀਂ ਦਿੰਦਾ, ਜਿਵੇਂ ਪਰਿਵਾਰ, ਕਬੀਲਾ, ਰਾਜ ਸਰਕਾਰ ਅਤੇ ਕਾਨੂੰਨ, ਨੈਤਿਕਤਾ, ਉਚ ਕਲਾ ਅਤੇ ਅਖੀਰ ਵਿਚ ਅਤੇ ਸਭ ਤੋਂ ਉੱਤਮ ਧਰਮ ਉੱਪਰ ਤਾਂ ਬਿਲਕੁਲ ਨਹੀਂ। ਹਰ ਕੇਸ ਵਿਚ ਜੋ ਅਸੀਂ ਹੁਣ ਤੋਂ ਪਿਛਾਂਹ ਵਲ ਝਾਤੀ ਮਾਰਦੇ ਹਾਂ ਤਾਂ ਉਨ੍ਹਾਂ ਦੇ ਨਿਸ਼ਾਨ ਉਦੋਂ ਤੀਕ ਹੀ ਕਾਇਮ ਰਹਿੰਦੇ ਸਨ ਜਦੋਂ ਤਕ ਆਦਮੀ। ਉਹ ਉਦੋਂ ਹੀ ਅਲੋਪ ਹੋ ਜਾਂਦੇ ਹਨ ਜਦੋਂ ਆਦਮੀ ਲੁਪਤ ਹੋ ਜਾਂਦਾ ਹੈ। ਪੂਰਵ ਇਤਿਹਾਸਕ ਮਨੁੱਖ ਬਾਰੇ ਸਾਰੇ ਸਿਧਾਂਤਾਂ ਸਬੰਧੀ ਸਬੂਤ ਤੁੱਛ ਹਨ। ਪਰ ਕੁਝ ਵਿਦਵਾਨਾਂ ਨੇ ਧਰਮ ਦੇ ਸਮਾਜਿਕ ਤੇ ਮਨੋਵਿਗਿਆਨਕ ਕਾਰਨ ਲੱਭੇ ਹਨ। ਧਰਮ ਦਾ ਸਭ ਤੋਂ ਪੁਰਾਤਨ ਰੂਪ ਕੁਝ ਵੀ ਹੋਵੇ, ਪਰ ਇਹ ਗੱਲ ਜ਼ਰੂਰੀ ਹੈ ਕਿ ਧਰਮ ਮਨੁੱਖ ਦੀ ਪਵਿੱਤਰ ਤੇ ਪਾਵਨ ਭਾਵਨਾ ਦਾ ਸੂਚਕ ਸੀ, ਜਿਹੜੀ ਕਿ ਉਸਨੇ ਮਿਥ ਸੰਸਕਾਰਾਂ, ਰਸਮਾਂ, ਸੰਕੇਤਾਂ ਤੇ ਦਰਸ਼ਨ ਰਾਹੀਂ ਪ੍ਰਗਟਾਈ।

### 1.1.6 ਵਿਹਾਰਕ ਜੀਵਨ ਲਈ ਧਰਮ ਦੀ ਲੋੜ

ਜਦੋਂ ਮਨੁੱਖ ਦੀ ਉਤਪਤੀ ਹੋਈ ਉਸਦੀ ਸਭ ਤੋਂ ਪਹਿਲੀ ਜ਼ਰੂਰਤ ਇਹ ਸੀ ਕਿ ਉਹ ਆਪਣੇ ਆਪ ਨੂੰ ਕਿਸ ਤਰ੍ਹਾਂ ਜਿਉਂਦਾ ਰੱਖ ਸਕੇ। ਜਿਉਂਦੇ ਰਹਿਣ ਲਈ ਭੋਜਨ ਦੀ ਭਾਲ, ਗਰਮੀ ਸਰਦੀ ਤੋਂ ਬਚਾਉ ਤੇ ਹੋਰ ਕੁਦਰਤੀ ਆਫਤਾਂ ਤੋਂ ਰਖਵਾਲੀ ਆਦਿ। ਦ੍ਰਿਸ਼ਟਮਾਨ ਜਗਤ ਵਿਚ ਮੌਜੂਦ ਕੁਦਰਤੀ ਰਹੱਸਾਂ ਨੂੰ ਜਾਨਣ ਸਮਝਣ ਦੇ ਅਭਿਆਸ ਦੌਰਾਨ ਮਨੁੱਖ ਨੇ ਧਰਮ ਦਾ ਆਸਰਾ ਲਿਆ। ਇਨ੍ਹਾਂ ਕੁਦਰਤੀ ਆਫਤਾਂ ਅਤੇ ਬਨਸਪਤੀ ਦੀ ਹੋਂਦ ਬਾਰੇ ਸੋਚ ਨੇ ਧਰਤੀ ਦੀ ਉਤਪਤੀ ਵਿਚ ਹਿੱਸਾ ਪਾਇਆ ਹੋਵੇਗਾ। ਸੰਸਾਰ ਜਿਸ ਵਿਚ ਉਹ ਵਸਦਾ ਸੀ ਉਸ ਦੀਆਂ ਲੋੜਾਂ ਦੇ ਅਨੁਕੂਲ ਪੂਰਾ ਨਾ ਰਿਹਾ। ਸ਼ਿਕਾਰਗਾਹਾਂ ਜਿਥੋਂ ਉਹ ਸ਼ਿਕਾਰ ਕਰਕੇ ਆਪਣੇ ਪੇਟ ਭਰਦਾ ਸੀ, ਸ਼ਿਕਾਰ ਤੋਂ ਖਾਲੀ ਹੋ ਗਈਆਂ। ਮੌਸਮਾਂ ਦੀ ਖਰਾਬੀ ਕਾਰਨ ਫਸਲਾਂ ਤਬਾਹ ਹੋ ਜਾਂਦੀਆਂ। ਉਹ ਆਦਮੀ ਜਾਂ ਜਾਨਵਰ ਜਿੰਨ੍ਹਾਂ ਨੂੰ ਉਹ ਬਹੁਤ ਪਿਆਰ ਕਰਦਾ ਬੀਮਾਰ ਹੋ ਜਾਂਦੇ ਜਾਂ ਮਰ ਜਾਂਦੇ। ਅਜਿਹੇ ਨਿਰਾਸਤਾ ਭਰੇ ਮਹੌਲਾ ਵਿਚ ਇਹ ਗੱਲ ਕੁਦਰਤੀ ਸੀ ਕਿ ਉਸ ਨੂੰ ਕਿਸੇ ਦੀ ਮਦਦ ਦੀ ਲੋੜ ਸੀ ਜੋ ਕੋਈ ਦੂਜਾ ਕਰ ਸਕਦਾ ਸੀ। ਇਸ ਲਈ ਮਨੁੱਖ ਨੇ ਆਪਣੇ ਕਾਰਜਾਂ ਲਈ ਹੋਰਾਂ ਦੀ ਸਹਾਇਤਾ ਲੈਣੀ ਸ਼ੁਰੂ ਕਰ ਦਿੱਤੀ। ਸੋ ਜੋ ਗੱਲਾਂ ਮਨੁੱਖਾਂ ਨੇ ਉਦੋਂ ਲੋੜ ਵਸ ਹੋ ਕੇ ਸ਼ੁਰੂ ਕੀਤੀਆਂ, ਉਹ ਮਗਰੋਂ ਰਸਮਾਂ-ਰੀਤ ਹੋ ਨਿਬੜੀਆਂ। ਉਨ੍ਹਾਂ ਵਿਚ ਕੁਦਰਤ ਦੇ ਨਿਜ਼ਾਮ ਅਤੇ ਜੀਵਨ ਲਕਸ਼ ਨੂੰ ਪੰਜ ਸ਼ਰੇਣੀਆਂ ਵਿਚ ਦਰਸਾਇਆ ਜਾ ਸਕਦਾ ਹੈ:

1. ਮਿਰਤਕ ਨੂੰ ਦਫਨ ਕਰਨਾ
2. ਸ਼ਿਕਾਰ ਦੀਆਂ ਰਸਮਾਂ-ਰੀਤਾਂ
3. ਗਰਭ ਦੇ ਜਨਮ ਬਾਰੇ ਰੀਤਾਂ
4. ਮਿਰਤਕ ਦੀ ਕਪਾਲ ਕ੍ਰਿਆ
5. ਸਰਬ ਵਿਆਪੀ ਅਕਾਸ਼ ਦੇਵ।

#### 1.1.6.1 ਮ੍ਰਿਤਕ ਨੂੰ ਦਫ਼ਨ ਕਰਨ ਦੀਆਂ ਰੀਤਾਂ

ਨੀਏਡਰਬਲ ਵਿਚ ਇਕ 16 ਸਾਲ ਦੇ ਆਦਮੀ ਦਾ ਪਿੰਜਰ ਮਿਲਿਆ ਹੈ, ਜਿਸ ਤੋਂ ਪੁਰਾਤਨ ਮਨੁੱਖ ਨੂੰ ਦਫਨਾਉਣ ਦੀ ਕ੍ਰਿਆ ਵਿਚ ਧਰਮ ਦੇ ਪਹਿਲੇ ਨਿਸ਼ਾਨ ਮਿਲੇ ਹਨ। ਜਿਸ ਤੋਂ ਪਤਾ ਲੱਗਦਾ ਹੈ ਕਿ ਨੀਏ ਡਰਬਲ ਦੇ ਆਦਮੀ ਮੁਰਦੇ ਨੂੰ ਦਬਾਉਣ ਸਮੇਂ ਬੜਾ ਧਿਆਨ ਰੱਖਦੇ ਸਨ। ਇਸ ਪਿੰਜਰ ਦੀ ਸੱਜੀ ਬਾਂਹ ਮੋੜੀ ਹੋਈ ਹੈ ਤਾਂ ਜੋ ਖੋਪਰੀ ਦਾ ਸੱਜਾ ਪਾਸਾ ਉਸ ਤੇ ਟਿਕਾਇਆ ਜਾ ਸਕੇ ਤੇ ਖੱਬੀ ਬਾਂਹ ਫੈਲਾਈ ਹੋਈ ਹੈ। ਉਸ ਨਾਲ ਕੁਝ ਹਥਿਆਰ ਤੇ ਸੰਦ ਵੀ ਰੱਖੇ ਹੋਏ ਸਨ। ਹੋਰ ਵੀ ਕਈ ਥਾਈ ਇਸ ਤਰ੍ਹਾਂ ਦਫ਼ਨ ਕੀਤੇ ਸਰੀਰਕ ਪਿੰਜਰ ਮਿਲੇ ਹਨ।

ਇਸ ਤੋਂ ਅੰਦਾਜ਼ਾ ਲੱਗਦਾ ਹੈ ਕਿ ਮੁਰਦਿਆਂ ਨੂੰ ਸੰਭਾਲ ਨਾਲ ਦਫ਼ਨ ਕਰਨਾ ਉਸ ਸਮੇਂ ਵੀ ਅਹਿਮ ਗੱਲ ਸੀ, ਜਿਸ ਤੋਂ ਲੱਗਦਾ ਹੈ ਕਿ ਮ੍ਰਿਤਕ ਪ੍ਰਤੀ ਪਿਆਰ ਪ੍ਰਗਟ ਕਰਨ ਲਈ ਉਸ ਦੇ ਸਰੀਰ ਨੂੰ ਕੋਮਲਤਾ

ਸਹਿਤ ਰੱਖ ਦਿੰਦੇ ਹੋਣ ਜਾਂ ਮ੍ਰਿਤਕ ਤੋਂ ਉਨ੍ਹਾਂ ਨੂੰ ਭੈਅ ਆਉਂਦਾ ਹੋਵੇ, ਇਸੇ ਕਰਕੇ ਉਸਨੂੰ ਦਫ਼ਨ ਕਰ ਦਿੰਦੇ ਸਨ, ਸੁਗਾਤ ਜੋ ਨਾਲ ਕਬਰ ਵਿਚ ਰੱਖਦੇ ਸਨ, ਉਸ ਨੂੰ ਰੋਕ ਕੇ ਰੱਖਦੀਆਂ ਹੋਣ ਜਾਂ ਉਨ੍ਹਾਂ ਦਾ ਪੁਨਰ ਜਨਮ ਵਿਚ ਵਿਸ਼ਵਾਸ ਹੋਵੇ ਜੋ ਸੁਗਾਤਾਂ ਨਾਲ ਰੱਖ-ਦਿੰਦੇ ਹੋਣ। ਜਾਂ ਉਨ੍ਹਾਂ ਦਾ ਵਿਸ਼ਵਾਸ ਹੋਵੇ ਕਿ ਜੇ ਉਸ ਦੇ ਮ੍ਰਿਤਕ ਸਰੀਰ ਨਾਲ ਕੁਝ ਵਸਤਾਂ ਨਾ ਰੱਖੀਆਂ ਤੇ ਮੁਰਦਾ ਖੁਸ਼ ਨਾ ਕੀਤਾ ਤਾਂ ਸ਼ਾਇਦ ਉਹ ਉਨ੍ਹਾਂ ਨੂੰ ਨੁਕਸਾਨ ਪਹੁੰਚਾਵੇ।

### 1.1.6.2 ਸ਼ਿਕਾਰ ਦੀਆਂ ਰਸਮਾਂ ਰੀਤਾਂ

ਮਿਰਤਕ ਨੂੰ ਦਫ਼ਨ ਕਰਨ ਦੀ ਕ੍ਰਿਆ ਤੋਂ ਇਲਾਵਾ ਜਿਹੜੀ ਪੁਰਾਤਨ ਮਨੁੱਖ ਵਿਚ ਰਸਮ ਦਾ ਪਤਾ ਲੱਗਦਾ ਹੈ ਉਹ ਹੈ ਸ਼ਿਕਾਰ ਸੰਸਕਾਰ, ਫਰਾਂਸ ਤੇ ਸਪੇਨ ਵਿਚ ਕਈ ਥਾਈ ਅਜਿਹੇ ਪੁਰਾਤਨ ਜਾਨਵਰ ਅਤੇ ਹਥਿਆਰਾਂ ਦੇ ਚਿੱਤਰ ਮਿਲੇ ਹਨ ਜਿਨ੍ਹਾਂ ਤੋਂ ਪੁਰਾਤਨ ਮਨੁੱਖ ਦੀਆਂ ਸ਼ਿਕਾਰ ਸਬੰਧੀ ਰਸਮਾਂ ਦਾ ਪਤਾ ਲੱਗਦਾ ਹੈ। ਪੁਰਾਤਨ ਮਨੁੱਖ ਨੂੰ ਇਹ ਵਿਸ਼ਵਾਸ ਹੋਵੇਗਾ ਕਿ ਜਿਸ ਜਾਨਵਰ ਦਾ ਚਿੱਤਰ ਬਣਾਇਆ ਗਿਆ ਹੈ, ਨਾਲ ਦੇ ਹਥਿਆਰ ਦਾ ਚਿੱਤਰ ਬਣਾਉਣ ਨਾਲ ਉਸ ਜਾਨਵਰ ਦੀ ਸ਼ਕਤੀ ਘਟ ਜਾਵੇਗੀ ਤੇ ਉਹ ਸੁਖਾਲੇ ਹੀ ਉਹਨਾਂ ਦੀ ਪਕੜ ਵਿਚ ਆ ਜਾਵੇਗਾ। ਇਹ ਚਿੱਤਰ ਇਸ ਭਾਵਨਾ ਨੂੰ ਉਜਾਗਰ ਕਰਦੇ ਲਗਦੇ ਹਨ।

### 1.1.6.3 ਗਰਭ ਤੇ ਜਨਮ ਬਾਰੇ ਰੀਤਾਂ

ਯੂਰਪ, ਮਿਸਰ, ਮੈਸੋਪੋਟਾਮੀਆਂ ਤੇ ਭਾਰਤ ਵਿਚ ਖੁਦਾਈ ਦੌਰਾਨ ਬਹੁਤ ਸਾਰੀਆਂ ਅਜਿਹੀਆਂ ਤਸਵੀਰਾਂ ਲੱਭੀਆਂ ਹਨ ਜਿਨ੍ਹਾਂ ਤੋਂ ਪ੍ਰਸੂਤ ਜਾਂ ਗਰਭ ਧਾਰਨ ਪਿੱਛੋਂ ਕੀਤੀਆਂ ਜਾਂਦੀਆਂ ਰੀਤਾਂ ਦਾ ਪ੍ਰਚਲਿਤ ਹੋਣਾ ਮੰਨਿਆ ਗਿਆ ਹੈ। ਇਨ੍ਹਾਂ ਵਿਚ ਪੱਥਰ ਜਾਂ ਪੱਕੀ ਮਿੱਟੀ ਦੀਆਂ ਛੋਟੀਆਂ ਮਾਦਾ ਤਸਵੀਰਾਂ ਵੱਡੀ ਗਿਣਤੀ ਵਿਚ ਮਿਲੀਆਂ ਹਨ। ਇਹ ਸਿਧਾਂਤ ਪਿਛੋਂ ਜਾ ਕੇ ਧਰਤੀ ਮਾਤਾ ਦੇ ਸਿਧਾਂਤ ਵਿਚ ਬਦਲ ਗਿਆ ਲੱਗਦਾ ਹੈ।

### 1.1.6.4 ਮ੍ਰਿਤਕ ਦੀ ਕਪਾਲ ਕ੍ਰਿਆ

ਪ੍ਰਾਚੀਨ ਮਨੁੱਖ ਵਿਚ ਜਨਮ ਰੀਤਾਂ ਦੇ ਨਾਲ ਮੌਤ ਰੀਤਾਂ ਵੀ ਉਤਪੰਨ ਹਣੋਗੀਆਂ, ਜੇ ਜਨਮ ਅਦਭੁਤ ਹੈ ਤਾਂ ਮੌਤ ਵੀ ਘੱਟ ਅਦਭੁਤ ਨਹੀਂ। ਅਜਿਹੀਆਂ ਦਫ਼ਨ ਥਾਵਾਂ ਮਿਲਦੀਆਂ ਹਨ ਕਿ ਦਫ਼ਨ ਕਰਨ ਵੇਲੇ ਸਿਰ ਦਾ ਖਾਸ ਖਿਆਲ ਰੱਖਿਆ ਜਾਂਦਾ ਸੀ। ਸਿਰ ਨੂੰ ਉੱਚੀ ਵਿਸ਼ੇਸ਼ ਜਗ੍ਹਾ ਉੱਤੇ ਰੱਖਿਆ ਜਾਂਦਾ ਸੀ। ਸ਼ਾਇਦ ਉਨ੍ਹਾਂ ਦਾ ਖਿਆਲ ਹੋਵੇ ਕਿ ਸਿਰ ਵਿਚ ਹੀ ਆਤਮਾ ਵਾਸਾ ਕਰਦੀ ਹੈ। ਇਸ ਲਈ ਇਸ ਦਾ ਉਚੇਚਾ ਧਿਆਨ ਰੱਖਦੇ ਹੋਣ। ਆਮ ਤੌਰ ਤੇ ਸਰੀਰ ਨੂੰ ਇਸ ਤਰ੍ਹਾਂ ਦਫ਼ਨ ਕੀਤਾ ਜਾਂਦਾ ਸੀ ਜਿਵੇਂ ਕੋਈ ਸੋ ਰਿਹਾ ਹੋਵੇ।

ਯੂਰਪ, ਚੀਨ ਅਤੇ ਜਾਵਾ ਆਦਿ ਕਈ ਥਾਵਾਂ ਤੇ ਪੁਰਾਤਨ ਮਨੁੱਖਾਂ ਦੇ ਖੋਪਰੀਆਂ ਦੇ ਢੇਰ ਮਿਲੇ ਹਨ। ਜਿਸ ਤੋਂ ਲਗਦਾ ਹੈ ਕਿ ਸ਼ਾਇਦ ਸਿਰ ਨੂੰ ਕੱਟ ਕੇ ਬਾਕੀ ਸਰੀਰ ਤੋਂ ਵੱਖ ਕਰ ਲੈਂਦੇ ਹੋਣ ਤੇ ਖੋਪਰੀਆਂ ਸੁਰੱਖਿਅਤ ਥਾਂ ਤੇ ਰੱਖ ਲਈਆਂ ਜਾਂਦੀਆਂ ਹੋਣ। ਸ਼ਾਇਦ ਉਨ੍ਹਾਂ ਦਾ ਵਿਸ਼ਵਾਸ ਹੋਵੇ ਕਿ ਆਤਮਾ ਜਾਂ ਪਰਮਾਤਮਾ ਸਿਰ ਵਿਚ ਵਾਸਾ ਕਰਦੀ ਹੈ ਤੇ ਇਸ ਭਾਗ ਨੂੰ ਸਾਂਭ ਕੇ ਰੱਖਣਾ ਉੱਚਿਤ ਹੈ। ਅਜਿਹਾ ਅੰਦਾਜ਼ਾ ਮਿਲੀਆਂ ਖੋਪਰੀਆਂ ਤੇ ਕਪਾਲਾਂ ਤੋਂ ਲੱਗਦਾ ਹੈ।

### 1.1.6.5 ਸਰਬ ਵਿਆਪੀ ਅਕਾਸ਼ ਦੇਵ

ਪ੍ਰਾਚੀਨ ਮਨੁੱਖ ਨੂੰ ਇਉ ਪ੍ਰਤੀਤ ਹੋਇਆ ਕਿ ਉੱਪਰ ਆਸਮਾਨ ਵਿਚ ਧਰਤੀ ਤੇ ਜਗਤ ਤੋਂ ਵੱਖ ਇਕ ਮਹਾਨ ਸ਼ਕਤੀ ਰਹਿੰਦੀ ਹੈ ਜੋ ਸੰਸਾਰ ਨੂੰ ਚਲਾ ਰਹੀ ਹੈ ਤੇ ਇਸ ਦੀ ਮਾਲਕ ਹੈ। ਇਸ ਵਿਚਾਰ ਕਾਰਨ ਹੀ ਆਸਮਾਨ ਦੀਆਂ ਸਾਰੀਆਂ ਵਸਤਾਂ ਦੇਵ ਮੰਨੀਆਂ ਜਾਣ ਲੱਗੀਆਂ ਜਿਵੇਂ ਸੂਰਜ, ਚੰਦਰਮਾ, ਹਵਾ, ਤਾਰੇ, ਅਕਾਸ਼ ਪੀਘ ਆਦਿ ਸਭ ਪਵਿੱਤਰ ਮੰਨੇ ਜਾਣ ਲੱਗੇ ਤੇ ਸਾਰੇ ਦੇਵਤੇ ਬਣ ਗਏ। ਪਰਮਾਤਮਾ ਦੀ ਸੋਝੀ ਸਾਰੇ ਪ੍ਰਾਚੀਨ ਮਾਨਸਾਂ ਵਿੱਚ ਸੀ। ਲੱਖਾਂ ਸਾਲ ਬੀਤ ਜਾਣ ਪਿਛੋਂ ਅਜ ਵੀ ਜਦੋਂ ਸਾਡੀ ਕੋਈ ਵਾਹ ਨਹੀਂ ਚੱਲਦੀ ਤਾਂ ਆਖ ਦਿੰਦੇ ਹਾਂ ''ਆਪੇ ਉਪਰ ਵਾਲਾ ਦੇਖ ਰਿਹਾ ਹੈ, ਉਹੀ ਨਿਤਾਰਾ (ਸੱਚ ਝੂਠ) ਕਰੇਗਾ ਅੱਜ ਤੱਕ ਮਨੁੱਖ ਦਾ ਇਹ ਵਿਸ਼ਵਾਸ ਨਹੀਂ ਟੁੱਟਾ ਕਿ ਪਰਮਾਤਮਾ ਅਕਾਸ਼ ਵਿਚ ਵਾਸਾ ਕਰਦਾ ਹੈ।

### 1.1.7 ਸਿੱਟਾ

ਇਸ ਪਾਠ ਵਿਚ ਪ੍ਰਾਚੀਨ ਧਰਮ ਅਤੇ ਮਨੁੱਖ ਜਾਤੀ ਦੇ ਇਤਿਹਾਸਕ ਵਰਨਣ ਤੋਂ ਧਰਮ ਦੇ ਆਰੰਭ ਅਤੇ ਵਿਸ਼ਵਾਸ਼ ਬਾਰੇ ਪਤਾ ਲਗਦਾ ਹੈ। ਮਨੁੱਖ ਕਿਹੜੇ ਹਾਲਾਤਾਂ ਵਿਚੋਂ ਲੰਘਦਾ ਹੋਇਆ ਧਰਮ ਨੂੰ ਆਪਣੇ ਜੀਵਨ ਦਾ ਅਧਾਰ ਮੰਨਣ ਲੱਗਦਾ ਹੈ।

### 1.1.8 ਪ੍ਰਸ਼ਨ

1. ਪ੍ਰਾਚੀਨ ਮਨੁੱਖ ਦੇ ਧਾਰਮਿਕ ਵਿਸ਼ਵਾਸ਼ਾ ਦਾ ਵਰਨਣ ਕਰੋ।
2. ਧਰਮ ਦਾ ਆਰੰਭ ਕਿਵੇਂ ਹੋਇਆ ਇਸ ਬਾਬਤ ਚਰਚਾ ਕਰੋ।

### 1.1.9 ਪੁਸਤਕਾਂ

1. ਧਰਮ ਦੀ ਉਤਪਤੀ ਤੇ ਵਿਕਾਸ – CT.S Talib
2. ਧਰਮ ਦੀ ਉਤਪਤੀ ਅਤੇ ਵਿਕਾਸ – ਐਫ. ਮੈਕਸਮੂਲਰ ਅਨੁਵਾਦਕ ਤਾਰਕ ਸਿੰਘ

ਪਾਠ ਨੰ: 1.2

# ਧਰਮ ਦੀ ਪਰਿਭਾਸ਼ਾ ਤੇ ਸਰੂਪ

1.2.1 ਉਦੇਸ਼
1.2.2 ਭੂਮਿਕਾ
1.2.3 ਧਰਮ ਦਾ ਅਰਥ
1.2.4 ਧਰਮ ਦੀ ਪਰਿਭਾਸ਼ਾ
1.2.5 ਧਰਮ ਦਾ ਸਰੂਪ
1.2.6 ਸਿੱਟਾ
1.2.7 ਪ੍ਰਸ਼ਨ
1.2.8 ਪੁਸਤਕਾਂ

## 1.2.1 ਉਦੇਸ਼ :

ਇਸ ਪਾਠ ਵਿਚ ਧਰਮ ਦੇ ਵਿਸ਼ਾਲ ਅਰਥਾਂ ਨੂੰ ਸਮਝਦਿਆਂ ਹੋਇਆਂ ਇਸ ਦੀ ਪਰਿਭਾਸ਼ਾ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਧਰਮ ਅਤੇ ਮਨੁੱਖ ਦੇ ਨਿਕਟਤਮ ਸਬੰਧਾਂ ਨੂੰ ਉਜਾਗਰ ਕਰਦਿਆਂ ਹੋਇਆ ਮਾਨਵਤਾ ਦੇ ਇਤਿਹਾਸ ਅਤੇ ਧਰਮ ਦੀ ਪ੍ਰਾਚੀਨਤਾ ਵਿਚਲੇ ਸਬੰਧਾਂ ਨੂੰ ਉਜਾਗਰ ਕੀਤਾ ਗਿਆ ਹੈ। ਧਰਮ ਦੇ ਸਰੂਪ ਸੰਬੰਧੀ ਵੀ ਵਿਚਾਰ-ਚਰਚਾ ਕੀਤੀ ਗਈ ਹੈ।

## 1.2.2 ਭੂਮਿਕਾ :

ਧਰਮ ਅਤੇ ਮਨੁੱਖ ਦਾ ਜਨਮ ਇਕੱਠੇ ਹੀ ਮੰਨੇ ਜਾ ਸਕਦੇ ਹਨ ਕਿਉਂਕਿ ਧਰਮ ਦੇ ਲੱਛਣ ਮਨੁੱਖੀ ਪਰਵਿਰਤੀ (ਫਿਤਰਤ) ਤੇ ਧੁਰ ਆਰੰਭ ਤਕ ਦਿਖਾਈ ਦਿੰਦੇ ਹਨ ਭਾਵੇਂ ਉਹ ਧਰਮ ਦਾ ਤੇ ਮਨੁੱਖਤਾ ਦਾ ਕਿੰਨਾ ਹੀ ਮੁੱਢਲਾ ਰੂਪ ਸੀ, ਸਮੇਂ ਦੇ ਨਾਲ-ਨਾਲ ਜਿਥੇ ਮਨੁੱਖੀ ਸਭਿਅਤਾ ਨੇ ਤਰੱਕੀ ਕੀਤੀ, ਉਥੇ ਧਰਮ ਦੇ ਸਰੂਪ ਵਿਚ ਵੀ ਤਬਦੀਲੀ ਆਉਂਦੀ ਗਈ। ਪਹਿਲਾਂ ਪਹਿਲ ਮਨੁੱਖ ਨੇ ਜਦੋਂ ਬਹੁਤਾ ਵਿਕਾਸ ਨਹੀਂ ਸੀ ਕੀਤਾ ਤਾਂ ਇਸ ਦੀਆਂ ਲੋੜਾਂ ਅਤੇ ਇਨ੍ਹਾਂ ਦੀ ਪੂਰਤੀ ਦਾ ਖੇਤਰ ਸੀਮਤ ਸੀ। ਕੁਦਰਤੀ ਸ਼ਕਤੀਆਂ ਦੀ ਪੂਜਾ ਧਰਮ ਦਾ ਇਕ ਸਰੂਪ ਸੀ ਜਦੋਂ ਮਨੁੱਖ ਇਨ੍ਹਾਂ ਸ਼ਕਤੀਆਂ ਤੋਂ ਭੈ-ਭੀਤ ਹੋ ਕੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਇਨ੍ਹਾਂ ਨੂੰ ਪੂਜਦਾ ਸੀ। ਫਿਰ ਸਮੇਂ ਦੀ ਰਫਤਾਰ ਨਾਲ ਇਨ੍ਹਾਂ ਸ਼ਕਤੀਆਂ ਦੇ ਪਿਛੇ ਇਕ ਮਹਾਨ ਸ਼ਕਤੀ ਨੂੰ ਕੰਮ ਕਰਦਿਆਂ ਮਹਿਸੂਸ ਕਰਕੇ ਉਸ ਸ਼ਕਤੀ ਨੂੰ ਪੂਜਣਾ ਤੇ ਮੰਨਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਧਰਮ ਆਪਣੇ ਸਫ਼ਰ ਦੇ ਕਈ ਪੜਾਵਾਂ ਵਿਚੋਂ ਲੰਘਦਾ ਹੋਇਆ ਵਰਤਮਾਨ ਰੂਪ ਤੱਕ ਅਪੜਿਆ।

**1.2.3 ਧਰਮ ਦਾ ਅਰਥ** :- ਧਰਮ ਦਾ ਘੇਰਾ ਇੰਨਾਂ ਵਿਸ਼ਾਲ ਹੈ ਕਿ ਵੱਖ ਵੱਖ ਵਿਦਵਾਨਾਂ ਨੇ ਇਸ ਦੇ ਅਰਥ ਆਪਣੀ ਆਪਣੀ ਪਰਿਭਾਸ਼ਾ ਅਨੁਸਾਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਬੀ.ਆਰ.ਸੰਸਕ੍ਰਿਤ ਜਰਮਨ ਡਿਕਸ਼ਨਰੀ ਵਿਚ ਧਰਮ ਦੇ ਅਰਥ ਆਸਰ, ਸਥਾਈ ਆਧਾਰ, ਨਿਯਮ, ਨਯਾਯ, ਰਿਵਾਜ ਕਿਸੇ ਵਸਤੂ ਦਾ ਸੁਭਾ, ਕਰਤੱਵ ਵਿਸ਼ੇਸ਼ (ਆਪਣਾ ਖਾਸ ਫਰਜ਼) ਪਰਮਾਨੰਦ ਤੱਕ ਪਹੁੰਚਣ ਦੀ ਯੁਕਤੀ, ਕਿਸੇ ਵਸਤੂ ਦਾ ਕੋਈ ਗੁਣ ਆਦਿ ਕੀਤੇ ਮਿਲਦੇ ਹਨ।

ਹਿੰਦੀ ਪੰਜਾਬੀ ਕੋਸ਼ ਭਾਸ਼ਾ ਵਿਭਾਗ, ਪਟਿਆਲਾ, ਅਨੁਸਾਰ ਪੁੰਨ, ਸਚਾਈ, ਨੇਕੀ, ਮਜ਼ਹਬ, ਇਨਸਾਫ਼, ਨਿਆਉ, ਮਰਿਆਦਾ, ਕਰਤੱਵ, ਰੀਤੀ, ਕਾਇਦਾ ਕਾਨੂੰਨ, ਆਦਿ ਅਰਥ ਕੀਤੇ ਮਿਲਦੇ ਹਨ। ਮੋਨੀਅਰ ਵਿਲੀਅਮਜ

ਦੀ 'ਏ ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ' ਪੰਨਾ 510 ਤੇ ਇਸ ਸ਼ਬਦ ਦੇ ਮੂਲ ਅਰਥ ਇਹ ਕੀਤੇ ਹਨ : ਸਥਾਪਤ ਜਾ ਪੱਕਾ ਹੋ ਚੁੱਕਾ, ਪ੍ਰਪੱਕ, ਹੁਕਮ, ਕਾਨੂੰਨ, ਨਿਯਮਿਤ ਵਿਵਹਾਰ, ਫਰਜ਼, ਹੱਕ, ਨੈਤਿਕਤਾ ਆਦਿ।

ਰਿਗਵੇਦ ਵਿਚ ਸ਼ਬਦ 'ਧਰਮਾਹ' ਯੱਗ ਸਬੰਧੀ ਕਾਰਜ ਜਾਂ ਨਿਯਮ ਅਤੇ ਯੱਗ ਹਵਨ ਤੋਂ ਪ੍ਰਾਪਤ ਪੁੰਨ ਦੇ ਅਰਥਾਂ ਵਿਚ ਆਇਆ ਹੈ।

ਧਰਮ ਸ਼ਬਦ ਦਾ ਨਿਕਾਸ ਸੰਸਕ੍ਰਿਤ ਧਾਤੂ 'ਧ੍ਰੀ' ਤੋਂ ਮੰਨਿਆ ਜਾਂਦਾ ਹੈ ਜਿਸ ਦਾ ਅਰਥ ਹੈ 'ਧਾਰਨ ਕਰਨ ਯੋਗ ਕਰਤੱਵ।' ਵੇਦਾਂ ਵਿਚ ਧਰਮ ਲਈ 'ਰਿਤ' ਸ਼ਬਦ ਵਰਤਿਆ ਮਿਲਦਾ ਹੈ। ਰਿਤ ਨੂੰ ਧਰਮ ਦਾ ਬੀਜ ਮੰਨਿਆ ਜਾਂਦਾ ਹੈ। ਕਈ ਥਾਈਂ ਸ਼ਬਦ 'ਵਿਤ' ਵੀ ਆਇਆ ਹੈ ਜਿਸ ਦਾ ਅਰਥ ਹੈ ਸਰਬ ਵਿਆਪੀ ਨਿਯਮ, ਉਹ ਸ਼ਕਤੀ ਜੋ ਸਾਰੇ ਸੰਸਾਰ ਦੀ ਕਿਰਿਆ ਨੂੰ ਚਲਾਉਂਦੀ ਹੈ।

ਉਪਨਿਸ਼ਦਾਂ ਵਿਚ ਧਰਮ ਸ਼ਬਦ ਡਿਊਟੀ ਜਾਂ ਕਰਤੱਵ ਦੇ ਅਰਥਾਂ ਵਿਚ ਆਇਆ ਹੈ। ਚਾਰ ਵਰਣਾਂ ਤੇ ਚਾਰ ਆਸ਼ਰਮਾਂ ਵਿਚ ਧਰਮ ਸ਼ਬਦ ਕਰਤੱਵਾਂ ਲਈ ਵਰਤਿਆ ਗਿਆ ਹੈ ਤੇ ਇਸ ਨੂੰ ਸਵੈ ਧਰਮ ਕਿਹਾ ਗਿਆ ਹੈ। ਗੀਤਾ ਆਤਮਕ ਸ਼ੁਧੀ, ਦਾਨ, ਸੰਜਮ, ਯੱਗ, ਤਪ ਆਦਿ ਨੂੰ ਹੀ ਦੈਵੀ ਦੌਲਤ ਮੰਨਦੀ ਹੈ।ਮਹਾਂ ਭਾਰਤ ਵਿਚ 'ਅਹਿੰਸਾ' ਨੂੰ ਪਰਮੋ ਧਰਮ ਕਿਹਾ ਗਿਆ ਹੈ।

ਧਰਮ ਲਈ ਪੱਛਮੀ ਸ਼ਬਦ ਰਿਲੀਜਨ (Religion) ਹੈ ਜਿਸ ਦਾ ਅਰਥ ਹੈ ਮੁੜ ਕੇ ਬੰਨ੍ਹ ਦੇਣਾ Ligion ਦਾ ਅਰਥ ਹੈ ਬੰਧੇਜ ਤੇ Re ਦਾ ਦੁਬਾਰਾ। ਇਸ ਤਰ੍ਹਾਂ 'ਰਿਲੀਜ਼ਨ' ਦਾ ਅਰਥ ਹੋਇਆ ਟੁੱਟੇ ਲੋਕਾਂ ਨੂੰ ਮੁੜ ਪ੍ਰਭੂ ਪਿਆਰ ਦੇ ਧਾਗੇ ਨਾਲ ਬੰਨ੍ਹ ਦੇਣਾ। ਇਹੀ ਉਹ ਧਾਗਾ ਹੈ ਜੋ ਸਮਾਜਿਕ ਢਾਂਚੇ ਨੂੰ ਜੋੜ ਕੇ ਰੱਖਦਾ ਹੈ। ਧਰਮ ਜਦੋਂ ਮਨੁੱਖਾਂ ਨੂੰ ਰੱਬ ਨਾਲ ਜੋੜਦਾ ਹੈ ਤਾਂ ਲੋਕਾਂ ਦਾ ਆਪਸ ਵਿਚ ਪਿਆਰ ਨਾਲ ਜੁੜ ਜਾਣਾ ਕੁਦਰਤੀ ਹੈ। ਧਰਮ ਦੇ ਇਨਾਂ ਅਰਥਾਂ ਵਿਚ ਧਰਮ ਦੇ ਕਰਤਾਰੀ ਪੱਖ ਦੀ ਵੀ ਤਰਜਮਾਨੀ ਹੁੰਦੀ ਹੈ।

ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ (ਪੰਨਾ 662) ਵਿਚ ਧਰਮ ਸ਼ਬਦ ਦਾ ਇਹ ਅਰਥ ਕਰਦੇ ਹਨ, ਜੋ ਸੰਸਾਰ ਨੂੰ ਧਾਰਨ ਕਰਦਾ ਹੈ, ਜਿਸ ਦਾ ਆਧਾਰ ਵਿਸ਼ਵ ਹੈ, ਪਵਿੱਤਰ ਨਿਯਮ, ਸ਼ੁਧ ਕਰਮ, ਦੀਨ, ਸੰਤ ਦਾ ਮਾਰਗ, ਰਿਵਾਜ਼, ਫਰਜ਼, ਧਰਮਰਾਜ ਆਦਿ ਕੀਤੇ ਹਨ।

ਗਿਆਨੀ ਸ਼ੇਰ ਸਿੰਘ ਗੁਰਮਤਿ ਦਰਸ਼ਨ ਦੇ ਪੰਨਾ ਇਕ ਤੇ ਲਿਖਦੇ ਹਨ ਕਿ ਧਰਮ ਇਕ ਆਦਰਸ਼ ਹੈ ਜਿਸ ਦੀ ਨੀਂਹ ਸਾਡੇ ਜੀਵਨ ਦੇ ਉਨ੍ਹਾਂ ਉਚੇਰੇ ਸੂਖਮਭਾਵਾਂ ਉੱਤੇ ਹੈ ਜੋ ਅਸੀਂ ਵਰਤਮਾਨ ਤੇ ਭਵਿੱਖ ਵਿਚ ਇਸ ਦੁਨੀਆ ਤੇ ਅਗਲੀ ਦੁਨੀਆਂ ਵਿਚ ਸੁੱਖ ਅਤੇ ਸ਼ਾਂਤੀ ਪ੍ਰਾਪਤ ਕਾਰਨ ਰੱਖਦੇ ਹਾਂ।

ਮੈਕਸ ਮੂਲਰ Religion ਇਸ ਸ਼ਬਦ ਦੀ ਉਤਪੱਤੀ ਬਾਰੇ ਗੱਲ ਕਰਦਿਆਂ ਲਿਖਦਾ ਹੈ ਕਿ ਇਸ ਸ਼ਬਦ ਦਾ ਮੂਲ ਲਾਤੀਨੀ ਭਾਸ਼ਾ ਹੈ। ਲਾਤੀਨੀ ਦੇ ਸ਼ਬਦ Relegere ਦਾ ਬਦਲਿਆ ਹੋਇਆ ਰੂਪ ਹੀ ਅੰਗਰੇ ਜ਼ੀ ਸ਼ਬਦ Religion ਹੈ। ਲਾਤੀਨੀ ਭਾਸ਼ਾ ਵਿਚ Relegere ਸ਼ਬਦ ਦੇ ਅਰਥ ਹਨ-ਧਿਆਨ ਦੇਣਾਂ, ਦੇਖ ਭਾਲ ਕਰਨੀ, ਸਤਿਕਾਰ ਦੇਣਾ ਆਦਿ। ਇਕ ਹੋਰ ਵਿਚਾਰ ਅਨੁਸਾਰ ਵੀ Religion ਸ਼ਬਦ ਲਾਤੀਨੀ ਭਾਸ਼ਾਂ ਵਿਚੋਂ ਹੀ ਨਿਕਲਿਆ ਪ੍ਰੰਤੂ ਇਹ Relegere ਸ਼ਬਦ ਤੋਂ ਨਹੀਂ ਸਗੋਂ Religare ਸ਼ਬਦ ਤੋਂ ਬਣਿਆ। ਲਾਤੀਨੀ ਵਿਚ Religare ਦਾ ਅਰਥ ਹੈ ਬੰਨ੍ਹਣਾ ਜਾਂ ਫੜ ਕੇ ਰੱਖਣਾ। ਮਨੁੱਖ ਵੀ ਪਵਿੱਤਰਤਾ ਦੇ ਬੰਧਨ ਰਾਹੀਂ ਪਰਮਾਤਮਾ ਨਾਲ ਬੱਝਾ ਹੋਇਆ ਹੈ। ਇਸ ਤਰ੍ਹਾਂ ਇਹ ਲਾਤੀਨੀ ਭਾਸ਼ਾ ਦੇ ਦੋਵੇਂ ਸ਼ਬਦਾ ਦਾ ਅੰਗਰੇਜ਼ੀ ਸ਼ਬਦ Religion ਨਾਲ ਸੁਮੇਲ ਹੈ।

### 1.2.4 ਧਰਮ ਦੀ ਪਰਿਭਾਸ਼ਾ :

ਅੱਜ ਵੱਖ-ਵੱਖ ਥਾਵਾਂ ਤੇ ਹੋਈ ਖੁਦਾਈ ਨੇ ਜਿਥੇ ਸਾਨੂੰ ਮਨੁੱਖੀ ਪਿੰਜਰਾ ਜਾਂ ਹੋਰ ਵਸਤਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਹੈ ਉਥੇ ਪੁਰਾਤਨ ਮਨੁੱਖ ਦੇ ਜੀਵਨ ਜਾਂਚ ਬਾਰੇ ਵੀ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੋਈ ਹੈ। ਆਦਿ ਮਨੁੱਖ ਦੇ ਧਾਰਮਿਕ ਰਸਮਾਂ ਤੇ ਰੀਤੀ ਰਿਵਾਜ਼ ਦਾ ਅੱਜ ਇਹੀ ਸਰੋਤ ਹੈ।

ਹੌਲੀ-ਹੌਲੀ ਇਹ ਸ਼ਬਦ ਨੈਤਿਕ ਨਿਯਮਾਂ ਦੀ ਥਾਂ ਲੈ ਗਿਆ। ਪਿਛੋਂ ਇਹ ਮਨੁੱਖ ਦੀਆਂ ਪਰਮਾਤਮਾ

ਪ੍ਰਤੀ ਆਂਤਰਿਕ ਭਾਵਨਾਵਾਂ ਦਾ ਪ੍ਰਗਟਾਵਾ ਮਾਤਰ ਬਣ ਕੇ ਰਹਿ ਗਿਆ। ਇਹਨਾਂ ਭਾਵਨਾਵਾਂ ਨੂੰ ਦੈਵੀ ਸ਼ਕਤੀ ਪ੍ਰਤੀ ਸ਼ਰਧਾ ਅਤੇ ਭੈਅ ਨਾਲ ਇਸ ਤਰ੍ਹਾਂ ਅਭਿਵਿਅਕਤ ਕਰ ਦਿੱਤਾ ਜਿਵੇਂ ਇਹ ਧਰਮ ਦਾ ਹੀ ਖੇਤਰ ਸੀ। ਭਾਵੇਂ ਧਰਮ ਨੇ ਮਾਨਵਤਾ ਦੇ ਇਤਿਹਾਸ ਵਿਚ ਅਹਿਮ ਭੂਮਿਕਾ ਨਿਭਾਈ ਪਰ ਇਸ ਦੇ ਬਾਵਜੂਦ ਵੀ ਵਿਦਵਾਨ ਇਸ ਦੀ ਕਿਸੇ ਇਕ ਪਰਿਭਾਸ਼ਾ ਨਾਲ ਸਹਿਮਤ ਨਹੀਂ ਹੋ ਸਕੇ। ਵੱਖ-ਵੱਖ ਪਰੰਪਰਾਵਾਂ ਨਾਲ ਸੰਬੰਧਿਤ ਧਰਮ ਸ਼ਾਸਤਰੀਆਂ ਅਤੇ ਵਿਦਵਾਨਾਂ ਨੇ ਇਸ ਸ਼ਬਦ ਨੂੰ ਕੁਝ ਠੋਸ ਅਤੇ ਸੰਖਿਪਤ ਪਰਿਭਾਸ਼ਾ ਦੇਣ ਦਾ ਯਤਨ ਜ਼ਰੂਰ ਕੀਤਾ। ਇਹਨਾਂ ਪਰਿਭਾਸ਼ਾਵਾਂ ਉਪਰ ਨਜਰ ਮਾਰਨ ਤੇ ਪਤਾ ਚੱਲਦਾ ਹੈ ਕਿ ਵਿਦਵਾਨਾਂ ਨੇ ਇਕ ਰਾਇ ਦੇਣ ਤੋਂ ਪਹਿਲਾਂ ਧਰਮ ਦੇ ਤਿੰਨ ਪ੍ਰਮੁੱਖ ਕਾਰਜਾਂ ਨੂੰ ਧਿਆਨ ਵਿਚ ਜ਼ਰੂਰ ਰੱਖਿਆ ਹੈ – ਮਨੁੱਖ ਦਾ ਇਸ ਵਿਅਕਤ ਸੰਸਾਰ ਤੇ ਸਿਰਜਣਹਾਰ ਅਤੇ ਪਾਲਣਹਾਰ ਪਰਮਾਤਮਾ ਪ੍ਰਤੀ ਯੋਗ ਸੰਬੰਧ, ਮਨੁੱਖ ਦਾ ਆਪਣੇ ਆਪੇ, ਆਪਣੀ ਆਤਮਾ ਨਾਲ ਸਹੀ ਸੰਬੰਧ ਅਤੇ ਮਨੁੱਖ ਦਾ ਬਾਕੀ ਮਾਨਵਤਾ ਨਾਲ ਸੰਬੰਧ। ਧਰਮ ਦੀ ਪਰਿਭਾਸ਼ਾ ਦੇਣ ਤੋਂ ਪਹਿਲਾਂ ਇਹਨਾਂ ਗੱਲਾਂ ਵੱਲ ਧਿਆਨ ਦੇਣਾ ਜ਼ਰੂਰੀ ਹੈ ਕਿ ਪਰਿਭਾਸ਼ਾ ਵਿਚ ਧਰਮ ਦੇ ਅਮਲੀ ਤੇ ਸਿਧਾਂਤਕ ਪੱਖ ਦੋਵੇਂ ਹੀ ਆ ਜਾਣ। ਇਕ ਪੱਖ ਨੂੰ ਛੱਡ ਕੇ ਦੂਜੇ ਤੇ ਵੱਧ ਜ਼ੋਰ ਨਾਲ ਪਰਿਭਾਸ਼ਾ ਵਿਚ ਉਲਾਰ ਪਰਿਵਿਰਤੀ ਆ ਜਾਂਦੀ ਹੈ। 'ਧਰਮ' ਦੀ ਪਰਿਭਾਸ਼ਾ ਵਿਚਲੀ ਇਹ ਉਲਾਰਵਾਦੀ ਸੋਚ ਧਰਮ ਦੇ ਵਿਸ਼ਾਲ ਅਰਥਾਂ ਨੂੰ ਪ੍ਰਗਟ ਨਹੀਂ ਕਰ ਸਕਦਾ।

ਦੋਹਾਂ ਪੱਖਾਂ ਨੂੰ ਦਰਸਾਉਣ ਲਈ ਇਕ ਵਿਦਵਾਨ ਨੇ ਬੜੀ ਸੁੰਦਰ ਉਦਾਹਰਣ ਦਿੱਤੀ ਹੈ ਕਿ ਜਿਵੇ ਂ ਇਕ ਦਰੱਖਤ ਸਾਡੇ ਸਾਹਮਣੇ ਹੈ। ਇਸ ਨੂੰ ਖੁਰਾਕ ਦਾ ਆਧਾਰ ਪ੍ਰਦਾਨ ਕਰਨ ਵਾਲੀਆਂ ਜੜ੍ਹਾਂ ਧਰਤੀ ਦੇ ਅੰਦਰ ਸਾਡੀ ਦ੍ਰਿਸ਼ਟੀ ਤੋਂ ਉਹਲੇ ਹਨ। ਪਰੰਤੂ ਇਸ ਨਾਲ ਨਾਂ ਦਿਸਣ ਵਾਲੀਆਂ ਜੜ੍ਹਾਂ ਦੀ ਮਹਾਨਤਾ ਘੱਟ ਨਹੀਂ ਜਾਂਦੀ। ਇਹ ਅਦ੍ਰਿਸ਼ ਜੜ੍ਹਾ ਧਰਮ ਦੇ ਸਿਧਾਂਤਕ ਪੱਖ ਦੀ ਤਰ੍ਹਾਂ ਹਨ, ਜਿਸ ਨੇ ਧਰਮ ਦੇ ਅਮਲੀ ਅਤੇ ਵਿਵਹਾਰਕ ਪੱਖ ਦਾ ਆਧਾਰ ਬਣਨਾ ਹੁੰਦਾ ਹੈ। ਅਸੀਂ ਇਹ ਵੀ ਵੇਖਦੇ ਹਾਂ ਕਿ ਦਰਖਤ ਸਾਡੇ ਲਈ ਕਿੰਨਾ ਕੁ ਲਾਹੇਵੰਦ ਹੈ, ਭਾਵੇਂ ਕਿ ਦਰਖਤ ਸਾਨੂੰ ਚੰਗਾ ਫਲ ਦਿੰਦਾ ਹੈ, ਸਾਡੇ ਲਈ ਮਹੱਤਵਪੂਰਨ ਤਾਂ ਫਲ ਹੈ ਪਰੰਤੂ ਉਸ ਫਲ ਦੇ ਬਣਨ ਤੇ ਪੱਕਣ ਲਈ ਟਾਹਣੀਆਂ, ਪੱਤਿਆਂ, ਜੜ੍ਹਾਂ ਆਦਿ ਸਭ ਦਾ ਆਪਣਾ ਆਪਣਾ ਯੋਗਦਾਨ ਹੈ। ਧਰਮ ਦੇ ਮਾਮਲੇ ਵਿਚ ਵੀ ਧਰਮ ਦੇ ਵਿਵਹਾਰਕ ਪੱਖ ਨੂੰ ਸਮਕਾਲੀਨ ਜੀਵਨ ਨਾਲ ਸੰਬੰਧਿਤ ਬਨਾਉਣ ਹਿਤ ਧਰਮ ਦੀਆਂ ਕੁਝ ਰੀਤਾਂ ਰਸਮਾਂ ਦਾ ਨਿਰਬਾਹ ਵੀ ਜ਼ਰੂਰੀ ਹੈ ਜਿਵੇਂ ਦਰਖਤ ਆਪਣੇ ਵੱਖ-ਵੱਖ ਹਿੱਸਿਆ ਤੋਂ ਬਿਨਾਂ ਫਲ ਨਹੀਂ ਦੇ ਸਕਦਾ ਤੇ ਦਰਖਤ ਦਾ ਕੋਈ ਮੁੱਲ ਨਹੀਂ, ਜਿਵੇਂ ਜੜ੍ਹਾਂ ਤੋਂ ਬਿਨਾਂ ਦਰਖਤ ਨਾ ਜਿਉਂਦਾ ਰਹਿ ਸਕਦਾ ਹੈ ਤੇ ਨਾ ਹੀ ਪਰਫੁਲਤ ਹੋ ਸਕਦਾ ਹੈ। ਇਹ ਅਦ੍ਰਿਸ਼ ਜੜ੍ਹਾਂ ਦਾ ਹੋਣਾ ਦਰਖਤ ਤੇ ਫਲ ਲਈ ਅਵੱਸ਼ਕ ਹੈ। ਇਸੇ ਤਰ੍ਹਾਂ ਧਰਮ ਦੇ ਵਿਵਹਾਰਕ ਪੱਖ ਲਈ ਉਸ ਦਾ ਸਿਧਾਂਤਕ ਪੱਖ ਵੀ ਜ਼ਰੂਰੀ ਹੈ। ਅਸਲ ਵਿਚ ਸਿਧਾਂਤਕ ਪੱਖ ਬਿਨਾਂ ਧਰਮ ਦੀ ਹੋਂਦ ਉੱਨੀ ਹੀ ਅਸੰਭਵ ਹੈ ਜਿੰਨੀ ਕਿ ਵਿਵਹਾਰਕ ਪੱਖ ਤੋਂ ਬਿਨਾਂ ਮਹੱਤਵਹੀਣ।

ਉਪਰੋਕਤ ਦਿੱਤੀ ਵਿਚਾਰਧਾਰਾ ਨੂੰ ਮੱਦੇ ਨਜ਼ਰ ਰੱਖਦੇ ਹੋਏ ਅਸੀਂ ਧਰਮ ਦੇ ਵਿਦਵਾਨਾਂ ਦੁਆਰਾ ਦਿੱਤੀਆਂ ਹੋਈਆਂ ਪਰਿਭਾਸ਼ਾਵਾਂ ਵਿਚ ਵਿਦਵਾਨਾਂ ਦੇ ਦੋ ਪੱਖ ਦੇਖ ਸਕਦੇ ਹਾਂ। ਇਕ ਉਹ ਵਿਦਵਾਨ ਹਨ ਜਿਹੜੇ ਧਰਮ ਦੇ ਸਿਧਾਂਤਕ ਪੱਖ ਨੂੰ ਵਧੇਰੇ ਅਹਿਮ ਮੰਨਦੇ ਹਨ ਤੇ ਉਹਨਾਂ ਅਨੁਸਾਰ ਧਰਮ ਦਾ ਸਿਧਾਂਤਕ ਤੇ ਰਸਮੀ ਪੱਖ ਵਧੇਰੇ ਮਹੱਤਵਪੂਰਣ ਹੈ। ਉਹ ਧਰਮ ਦੇ ਵਿਵਹਾਰਕ ਪੱਖ ਨੂੰ ਜਾਂ ਤਾਂ ਘੱਟ ਮਹੱਤਤਾ ਦਿੰਦੇ ਹਨ ਜਾਂ ਬਿਲਕੁਲ ਹੀ ਅੱਖੋਂ ਓਹਲੇ ਕਰ ਦਿੰਦੇ ਹਨ। ਓਨ੍ਹਾਂ ਅਨੁਸਾਰ ਧਰਮ ਇਕ ਦੈਵੀ ਅਨੁਭਵ ਹੈ ਜਿਸ ਦਾ ਸਮਾਜ ਜਾਂ ਸਮਾਜਿਕ ਜੀਵਨ ਨਾਲ ਕੋਈ ਸੰਬੰਧ ਨਹੀਂ ਹੁੰਦਾ। ਉਹਨਾਂ ਦੀ ਪਰਿਭਾਸ਼ਾ ਧਰਮ ਦੇ ਆਤਮਿਕ ਜਾਂ ਆਂਤਰਿਕ ਪੱਖ ਨੂੰ ਹੀ ਵਧੇਰੇ ਉਜਾਗਰ ਕਰਦੀ ਹੈ। ਇਸ ਵਿਚਾਰਧਾਰਾ ਦੇ ਸਮਰਥਕਾਂ ਅਨੁਸਾਰ ਧਰਮ ਮਨੁੱਖ ਦਾ ਆਪਣੇ ਤੋਂ ਵੱਡੀ ਇਕ ਦੈਵੀ ਸ਼ਕਤੀ ਵਿਚ ਵਿਸ਼ਵਾਸ ਦਾ ਨਾਂ ਹੈ। ਇਸ ਵਿਸ਼ਵਾਸ ਰਾਹੀਂ ਉਹ ਆਪਣੀਆਂ ਭਾਵਨਾਵਾਂ ਦੀ ਸੰਤੁਸ਼ਟੀ ਵੀ ਲੋਚਦਾ ਹੈ ਅਤੇ ਜੀਵਨ ਵਿਚ ਸਥਿਰਤਾ ਵੀ। ਇਸ ਭਾਵਨਾ ਦਾ ਪ੍ਰਗਟਾ ਉਹ ਦੈਵੀ ਸ਼ਕਤੀ

ਪ੍ਰਤੀ ਸ਼ਰਧਾ ਤੇ ਪੂਜਾ ਰਾਹੀਂ ਕਰਦਾ ਹੈ। ਉਸ ਅਨੁਸਾਰ ਧਰਮ ਦਾ ਉਦੇਸ਼ ਪਦਾਰਥਕ ਜਗਤ ਤੋਂ ਉਪਰ ਉੱਠ ਕੇ ਦੈਵੀ ਸ਼ਕਤੀ ਨਾਲ ਪ੍ਰੇਮ ਪਾਉਣਾ ਹੈ।

ਦੂਸਰੀ ਸ਼੍ਰੇਣੀ ਵਿਚ ਉਹ ਵਿਦਵਾਨ ਆਉਂਦੇ ਹਨ ਜਿਹੜੇ ਧਰਮ ਦੇ ਵਿਵਹਾਰਕ ਪੱਖ ਤੇ ਹੀ ਜ਼ੋਰ ਦਿੰਦੇ ਹਨ। ਨੈਤਿਕਤਾ ਅਤੇ ਸਦਾਚਾਰ ਆਪਣੇ ਆਪ ਉਤਮ ਕੀਮਤਾਂ ਹਨ। ਪਰੰਤੂ ਇਹਨਾਂ ਦੀ ਹੋਂਦ ਵੀ ਤਾਂ ਹੀ ਸੰਭਵ ਹੈ ਜੇਕਰ ਇਸ ਜਗਤ ਵਿਚ ਕਿਸੇ ਇਕ ਦੈਵੀ ਸ਼ਕਤੀ ਦਾ ਰਾਜ, ਬੋਲਬਾਲਾ ਹੋਵੇ। ਇਹ ਵਿਦਵਾਨ ਨੈਤਿਕਤਾ ਅਤੇ ਅਧਿਆਤਮਕਤਾ ਵਿਚਕਾਰ ਤੱਤ-ਰੂਪੀ ਸਾਂਝ ਨੂੰ ਅੱਖੋਂ ਪਰੋਖੇ ਕਰਕੇ ਧਰਮ ਨੂੰ ਸਿਰਫ ਇਕ ਸਮਾਜਿਕ ਕੀਮਤ ਮੰਨਦੇ ਸਨ ਜਿਸ ਦਾ ਉਦੇਸ਼ ਸਮਾਜ ਵਿਚ ਸੇਵਾ, ਪਰਉਪਕਾਰ ਆਦਿ ਗੁਣਾਂ ਨੂੰ ਪੈਦਾ ਕਰਨਾ ਹੈ। ਉਨ੍ਹਾਂ ਅਨੁਸਾਰ ਧਰਮ ਮਨੁੱਖ ਦੁਆਰਾ ਆਪਣੇ ਸਮਾਜ ਅਤੇ ਆਲੇ ਦੁਆਲੇ ਨਾਲ ਐਡਜਸਟ ਕਰਨ ਦੀ ਪ੍ਰਕ੍ਰਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਰਕਸਵਾਦੀ ਚਿੰਤਕਾਂ ਦਾ ਇਹ ਵਿਚਾਰ ਸਹੀ ਹੈ ਪਰੰਤੂ ਇਹ ਸੰਪੂਰਨ ਸੱਚ ਨੂੰ ਨਹੀਂ ਵਿਖਾਉਂਦਾ। ਇਹ ਯਥਾਰਥ ਦੇ ਸਿਰਫ ਇਕ ਪਾਸੇ ਦੀ ਤਸਵੀਰ ਉਜਾਗਰ ਕਰਦਾ ਹੈ।

ਉਪਰੋਕਤ ਦੋਹਾਂ ਪਰਿਭਾਸ਼ਾਵਾਂ ਵਿਚ ਇਕ ਪਹਿਲੂ ਤੇ ਜ਼ੋਰ ਦਿੱਤਾ ਗਿਆ ਹੈ ਤੇ ਦੂਜੀ ਵਿਚ ਦੂਜੇ ਪਹਿਲੂ ਤੇ ਜ਼ੋਰ ਦਿੱਤਾ ਗਿਆ ਹੈ ਤੇ ਪਹਿਲੇ ਨੂੰ ਅੱਖੋਂ ਓਹਲੇ ਕੀਤਾ ਗਿਆ ਹੈ। ਇਸ ਕਾਰਨ ਇਹ ਧਰਮ ਦੇ ਪੂਰੇ ਸੱਚ ਨੂੰ ਉਜਾਗਰ ਨਹੀਂ ਕਰ ਸਕੀਆਂ। ਧਰਮ ਦੀ ਉਹ ਪਰਿਭਾਸ਼ਾ ਹੀ ਸਰਵ ਪ੍ਰਵਾਣਿਤ ਤੇ ਸੱਚ ਦੇ ਨਜਦੀਕ ਹੋਵੇਗੀ ਜਿਸ ਵਿਚ ਧਰਮ ਦੇ ਸਾਰੇ ਪੱਖਾਂ ਨੂੰ ਉਜਾਗਰ ਕਰਕੇ ਉਹਨਾਂ ਨੂੰ ਯੋਗ ਮਹੱਤਤਾ ਦਿੱਤੀ ਜਾਵੇ। ਧਰਮ ਮਨੁੱਖ ਦੇ ਸਹੀ ਆਪੇ ਬਾਰੇ ਅਤੇ ਉਸ ਪਰਮਾਤਮਾ. ਨਾਲ ਸੰਬੰਧਾਂ ਬਾਰੇ ਜਾਣਕਾਰੀ ਦਿੰਦਾ ਹੈ। ਇਸ ਦਾ ਅਰਥ ਇਹ ਨਹੀਂ ਕਿ ਧਰਮ ਮਨੁੱਖ ਨੂੰ ਬਾਕੀ ਮਾਨਵਤਾ ਜਾਂ ਮਾਨਵੀ ਸਮਾਜ ਨਾਲੋਂ ਤੋੜਦਾ ਹੈ। ਧਰਮ ਮਨੁੱਖ ਨੂੰ ਇਸ ਸੰਸਾਰ ਦੇ ਦੁੱਖਾਂ ਤੋਂ ਨਿਜ਼ਾਤ ਪਾਉਣ ਦੇ ਇਰਾਦੇ ਨਾਲ ਇਥੇ ਸੰਘਰਸ਼ ਕਰਨ ਤੋਂ ਵਰਜਦਾ ਨਹੀਂ ਸਗੋਂ ਉਤਸਾਹਿਤ ਕਰਦਾ ਹੈ। ਧਰਮ ਸਮਾਜ ਦਾ ਅੰਗ ਹੈ, ਪਰੰਤੂ ਉਹ ਸਮਾਜ ਦਾ ਆਧਾਰ ਵੀ ਹੈ। ਇਹੋ ਕਾਰਨ ਹੈ ਕਿ ਮਨੁੱਖ ਜਾਤੀ ਦੀਆਂ ਸਰਵੋਤਮ ਕਦਰਾਂ ਕੀਮਤਾਂ ਦਾ ਮੂਲ ਸ੍ਰੋਤ ਮਾਨਵਤਾ ਦਾ ਧਾਰਮਿਕ ਪਿਛੋਕੜ ਹੀ ਹੈ। ਧਰਮ ਮਾਨਵੀ ਜੀਵਨ ਦੀ ਉਸ ਤ੍ਰਿਪਤੀ ਦਾ ਨਾਂ ਹੈ, ਜਦੋਂ ਜੀਵਨ ਦਾ ਹਰ ਪਹਿਲੂ ਵੱਧ ਤੋਂ ਵੱਧ ਉਚਾ ਉਠ ਜਾਂਦਾ ਹੈ। ਸਾਧਾਰਨ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਧਰਮ ਮਨੁੱਖ ਦਾ ਦੈਵੀ ਸ਼ਕਤੀਆਂ ਨਾਲ ਸੰਬੰਧ ਦਾ ਨਾਂ ਨਹੀਂ ਸਗੋਂ ਸਹੀ ਧਰਮ ਤਾਂ ਜੀਵਨ ਦੇ ਹਰ ਪਹਿਲੂ, ਹਰ ਕਿਰਿਆ ਵਿਚ ਪ੍ਰਗਟ ਹੁੰਦਾ ਹੈ। ਇਹ ਤਾਂ ਇਕ ਦਰਖਤ ਅੰਦਰਲੇ ਉਸ ਰਸ ਦੀ ਨਿਆਈ ਹੈ ਜੋ ਅਦ੍ਰਿਸ਼ ਤਾਂ ਹੈ ਪ੍ਰੰਤੂ ਫਿਰ ਸਪਸ਼ਟ ਰੂਪ ਵਿਚ ਦਰਖਤ ਦੀ ਟਹਿਣੀ, ਫਲਾਂ ਅਤੇ ਹਰ ਪੱਤੇ ਵਿਚ ਮਹਿਸੂਸ ਕੀਤਾ ਜਾ ਸਕਦਾ ਹੈ।

ਧਰਮ ਦਾ ਸੰਬੰਧ ਮਨੁੱਖ ਦੇ ਅੰਦਰੂਨੀ ਜੀਵਨ ਨਾਲ ਹੈ ਜਿਸ ਵਿਚ ਬੁਧੀ ਭਾਵਨਾ ਅਤੇ ਕਿਰਿਆ ਦਾ ਸਮਾਵੇਸ਼ ਅਵੱਸ਼ ਹੁੰਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਧਾਰਮਿਕ ਮਨੁੱਖ ਆਪਣੀ ਬੁੱਧੀ ਤੇ ਵਿਵੇਕ ਦੀ ਸਹਾਇਤਾ ਨਾਲ ਆਤਮਾ ਦੀ ਭਾਲ ਕਰਦਾ ਹੈ, ਉਸ ਨੂੰ ਅਨੁਭਵ ਕਰਦਾ ਹੈ ਤੇ ਆਪਣੀ ਅਨੁਭੂਤੀਆਂ ਨੂੰ ਬਾਹਰੀ ਕਿਰਿਆਵਾਂ ਰਾਹੀਂ ਪ੍ਰਗਟ ਕਰਦਾ ਹੈ। ਆਮ ਵਰਤੋਂ ਵਿਚ ਧਰਮ ਕੇਵਲ ਪਰਲੋਕ ਸੁਖ ਦੇ ਮਾਰਗ ਵਾਲੇ ਅਰਥਾਂ ਵਿਚ ਹੀ ਵਰਤਿਆ ਜਾਂਦਾ ਹੈ। ਕਿਸੇ ਨੂੰ ਕਿਸੇ ਦੇ ਧਰਮ ਬਾਰੇ ਪੁੱਛਣ ਤੋਂ ਇਹ ਹੀ ਅਰਥ ਕੱਢਿਆ ਜਾਂਦਾ ਹੈ ਕਿ ਤੁਸੀਂ ਪਰਲੋਕ ਵਾਲੇ ਹੋਣ ਲਈ ਕਿਹੜਾ ਧਰਮ ਧਾਰਨ ਕੀਤਾ ਹੋਇਆ ਹੈ। ਪਰ ਇਥੇ ਇਕ ਗੱਲ ਹੋਰ ਵੀ ਵੇ ਖਣ ਯੋਗ ਹੈ ਕਿ ਅਸੀਂ ਹਲਤ (ਵਰਤਮਾਨ ਜੀਵਨ) ਨੂੰ ਮਿਥਿਆ ਅਤੇ ਦੁਖਦਾਈ ਕਹਿ ਕੇ ਤਿਆਗ ਦਿੰਦੇ ਹਾਂ ਤੇ ਪਲਤ (ਸਵਰਗ ਲੋਕ) ਵਿਚ ਮਿਲਣ ਵਾਲੇ ਸੁੱਖਾਂ ਦੀ ਕਾਮਨਾ ਹਿੱਤ ਗ੍ਰਿਹਸਤ ਦਾ ਤਿਆਗ ਕਰ ਦਿੰਦੇ ਹਾਂ ਤਾਂ ਅਸੀਂ ਭਰਮ, ਭੁਲੇਖਿਆ ਤੇ ਫਾਲਤੂ ਰਸਮਾਂ ਵਿਚ ਸਮਾਂ ਗਵਾ ਦਿੰਦੇ ਹਾਂ। ਸਾਨੂੰ ਇਹ ਸੰਸਾਰ ਦੁਖਾਂ ਦਾ ਘਰ ਲਗਦਾ ਹੈ ਤੇ ਪਲਤ ਸਵਰਗ ਦੇ ਸੁੱਖਾਂ ਦੀ ਕਾਮਨਾ ਲਈ ਜੀਵਨ ਦੇ ਸੁੱਖਾਂ ਦਾ ਤਿਆਗ ਕਰ ਦਿੰਦੇ ਹਾਂ। ਇਹ ਸਾਡੀ ਭੁਲ ਹੁੰਦੀ ਹੈ। ਜੋ ਅਸੀਂ ਆਪਣੇ ਆਪ ਤੇ ਸਮਾਜ ਦੀਆਂ ਜ਼ਿੰਮੇਵਾਰੀਆਂ ਨੂੰ

ਤਿਲਾਂਜਲੀ ਦੇ ਕੇ ਅਣਦੇਖੇ ਸੰਸਾਰ ਦੇ ਸੁੱਖਾਂ ਨੂੰ ਸਹੀ ਮੰਨ ਸਕਦੇ ਹਾਂ। ਗੁਰੂ ਅਰਜਨ ਦੇਵ ਜੀ ਇਸ ਸੰਸਾਰ ਵਿਚ ਰਹਿੰਦੇ ਹੀ ਨਾਮ ਸਿਮਰਨ ਤੇ ਨਿਰਮਲ ਕਰਮ ਕਰਨ ਦੀ ਪ੍ਰੇਰਣਾ ਦਿੰਦੇ ਹਨ।

ਸਰਬ ਧਰਮ ਮਹਿ ਸ੍ਰੇਸ਼ਟ ਧਰਮੁ
ਹਰਿ ਕੋ ਨਾਮੁ ਜਪੁ ਨਿਰਮਲ ਕਰਮੁ। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 266)

ਸਿੱਖ ਧਰਮ ਵਿਚ ਵੀ ਧਰਮ ਦਾ ਬਹੁ-ਪੱਖੀ ਨਿਰੂਪਣ ਹੋਇਆ ਮਿਲਦਾ ਹੈ, ਸਦੀਵੀ, ਅਮਰ, ਅਗਮ, ਅਗੋਚਰ ਧਰਮ ਦੇ ਵਿਚ ਵਿਸ਼ਵਾਸ, ਸਮਾਜਿਕ ਨਿਆਂ, ਦੇਵੀ ਗੁਣ, ਫਰਜ਼, ਸ਼ੁਭ ਕਰਮ, ਸਚ ਪਰਮਾਰਥ ਦਾ ਰਸਤਾ, ਪੰਥ, ਦੀਨ ਆਦਿ ਅਰਥ ਕੀਤੇ ਹੋਏ ਮਿਲਦੇ ਹਨ। ਸਿੱਖ ਧਰਮ ਵਿਚ ਸਭ ਤੋਂ ਉਤਮ ਧਰਮ ਹਰੀ ਦਾ ਨਾਮ ਸਿਮਰਨ ਮੰਨਿਆ ਗਿਆ ਹੈ ਤੇ ਧਰਮ ਦਾ ਸਦੀਵੀ ਤੇ ਅਮਰ ਤੱਤ 'ਸੱਚ' ਇਕ ਬੁਨਿਆਦੀ ਤੱਤ ਹੈ ਤੇ ਸਾਰੇ ਯੁਗਾਂ ਵਿਚ ਇਸ ਦੀ ਮਹੱਤਤਾ ਰਹੀਂ ਹੈ। ਗੁਰਬਾਣੀ ਅਨੁਸਾਰ:

ਏਕੋ ਧਰਮੁ ਦ੍ਰਿੜੈ ਸਚੁ ਕੋਈ।।
ਗੁਰਮਤਿ ਪੂਰਾ ਜੁਗਿ ਜੁਗਿ ਸੋਈ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1188)

ਧਰਮ ਗ੍ਰੰਥਾਂ ਅਤੇ ਮਹਾਂ ਪੁਰਖਾਂ ਦੇ ਕਥਨ ਅਨੁਸਾਰ ਮਨੁੱਖ ਇਸ ਸ੍ਰਿਸ਼ਟੀ ਦੇ ਜੀਵ ਜੰਤੂਆਂ ਵਿਚੋਂ ਆਪਣੀ ਚੇਤਨ ਗਤੀ ਕਾਰਨ ਸਰੇਸ਼ਟ ਮੰਨਿਆ ਗਿਆ ਹੈ। ਮਨੁੱਖ ਆਪਣੀ ਆਤਮਿਕ ਸ਼ਕਤੀ ਦੁਆਰਾ ਦੇਖਣ, ਬੋਲਣ ਤੇ ਸੁਣਨ ਦਾ ਗਿਆਨ ਪ੍ਰਾਪਤ ਕਰਦਾ ਹੈ ਤੇ ਇਸ ਤੋਂ ਲਾਭ ਪ੍ਰਾਪਤ ਕਰਦਾ ਹੈ ਜਦੋਂ ਕਿ ਬਾਕੀ ਜੀਵ ਜੰਤੂਆਂ ਵਿਚ ਅਜਿਹੀ ਸੋਝੀ ਨਹੀਂ ਹੈ। ਮਨੁੱਖ ਪਾਸ ਵਿਲੱਖਣਤਾ ਵਿਵੇਕਤਾ ਤੇ ਗਿਆਨ ਹੈ ਜਿਸ ਕਾਰਨ ਉਹ ਆਪਣੇ ਸੁਚੇਤ ਮਨ ਕਰਕੇ ਬਾਕੀ ਜੀਵਨ ਦਾ ਮੁਖੀ ਹੈ, ਸਿਰਦਾਰ ਹੈ ਤੇ ਆਪਣੀ ਵਿਵੇਕਤਾ ਕਰਕੇ ਬਾਕੀ ਜੀਵ ਜੰਤੂਆਂ ਨੂੰ ਕਾਬੂ ਰੱਖਦਾ ਹੈ।

ਅਵਰ ਜੋਨਿ ਤੇਰੀ ਪਨਿਹਾਰੀ
ਇਸੁ ਧਰਤੀ ਮਹਿ ਤੇਰੀ ਸਿਕਦਾਰੀ। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 374)

ਮੁਕਦੀ ਗੱਲ ਧਰਮ ਸਾਨੂੰ ਚੰਗੇ ਜੀਵਨ ਦੀ ਜਾਂਚ ਸਿਖਾਉਂਦਾ ਹੈ। ਧਰਮ ਕੋਈ ਜਾਦੂ ਟੂਣਾਂ ਜਾਂ ਜੰਤਰ ਮੰਤਰ ਨਹੀਂ, ਨਾ ਵਹਿਮ ਭਰਮ ਦਾ ਨਾਂ ਧਰਮ ਹੈ ਅਤੇ ਨਾ ਹੀ ਭੂਤਾਂ ਪ੍ਰੇਤਾਂ, ਚੁੜੇਲਾਂ ਆਦਿ ਤੋਂ ਡਰਨ ਦਾ ਨਾਂ ਧਰਮ ਹੈ। ਧਰਮ ਦੱਸਦਾ ਹੈ ਕਿ ਸਾਰੇ ਮਨੁੱਖਾਂ ਤੇ ਜੀਵਾਂ ਵਿਚ ਇਕੋ ਪਰਮਾਤਮਾ ਦੀ ਜੋਤ ਹੈ, ਇਕੋ ਆਤਮਾ ਹੈ। ਇਸ ਲਈ ਧਰਮ ਸਭ ਨੂੰ ਪਿਆਰ ਕਰਨਾ ਸਿਖਾਉਂਦਾ ਹੈ। ਭੈੜੀਆਂ ਆਦਤਾ, ਗੁੱਸਾ, ਵੈਰ ਤੇ ਈਰਖਾ ਤੋਂ ਬਚਣਾ ਸਿਖਾ ਕੇ ਧਰਮ ਚੰਗੇ ਮਨੁੱਖ ਬਣਨ ਦੀ ਸਿੱਖਿਆ ਦਿੰਦਾ ਹੈ।

ਮੈਕਸ ਮੂਲਰ ਧਰਮ ਬਾਰੇ ਲਿਖਦੇ ਹਨ ਕਿ ਧਰਮ ਉਹ ਸ਼ਕਤੀ ਹੈ ਜੋ ਬੁੱਧੀ ਅਤੇ ਅਨੁਭਵ ਤੋਂ ਸੁਤੰਤਰ ਰਹਿ ਕੇ ਭਿੰਨ-ਭਿੰਨ ਨਾਵਾਂ ਤੇ ਰੂਪਾਂ ਵਿਚ ਮਨੁੱਖ ਨੂੰ ਅਸੀਮ ਦੀ ਸੋਝੀ ਪ੍ਰਾਪਤ ਕਰਨ ਦੇ ਸਮਰੱਥ ਕਰਦੀ ਹੈ। ਧਰਮ ਵਿਚ ਇਕ ਲਾਲਸਾ ਹੈ ਜੋ ਸਾਡੀ ਸਮਝ ਤੋਂ ਪਰ੍ਹੇ ਹੈ ਪਰ ਸਮਝਣ ਵਾਸਤੇ ਪ੍ਰੇਰਨਾ ਦੇਂਦੀ ਹੈ ਅਤੇ ਅਕੱਥ ਨੂੰ ਕਥਨ ਕਰਨ ਦਾ ਉਤਸ਼ਾਹ ਦਿੰਦੀ ਹੈ। ਇਹ ਅਨੰਤ ਲਈ ਲਗਨ ਹੈ। ਪ੍ਰੇਮ ਹੈ। ਪ੍ਰੇਮ ਕਰਨਾ ਹੀ ਧਰਮ ਹੈ। ਪ੍ਰੇਮ ਵਿਚ ਪ੍ਰਾਪਤੀਆਂ ਨਹੀਂ ਦੇਣਾ ਹੀ ਦੇਣਾ ਹੁੰਦਾ ਹੈ। ਇਹੀ ਪ੍ਰਭੂ ਪ੍ਰਾਪਤੀ ਦਾ ਸਾਧਨ ਹੈ। ਪ੍ਰੇਮ ਤੋਂ ਬਿਨਾਂ ਬਾਕੀ ਸਭ ਕਰਮ ਫ਼ਜ਼ੂਲ ਹਨ:

ਸਾਚੁ ਕਹੋ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।। (ਤਵ ਪ੍ਰਸਾਦਿ ਪਾ : 10)

ਧਰਮ ਦੀ ਆਮ ਪ੍ਰਚਲਤ ਅਤੇ ਮੰਨੀ ਹੋਈ ਪਰਿਭਾਸ਼ਾ ਕਿਸੇ ਅਦੁੱਤੀ ਸ਼ਕਤੀ ਵਿਚ ਵਿਸ਼ਵਾਸ ਦਾ ਨਾਮ ਧਰਮ ਹੈ। ਧਰਮ ਦੀਆਂ ਬਹੁਤ ਸਾਰੀਆਂ ਪਰਿਭਾਸ਼ਾਵਾਂ ਮਿਲ ਜਾਂਦੀਆਂ ਹਨ ਪਰ ਕਿਸੇ ਵੀ ਪਰਿਭਾਸ਼ਾ ਨੂੰ ਮੁਕੰਮਲ ਨਹੀਂ ਕਿਹਾ ਜਾ ਸਕਦਾ।

ਟਾਇਲਰ ਅਨੁਸਾਰ ਧਰਮ ''ਅਧਿਆਤਮਕ ਹਸਤੀਆਂ ਵਿੱਚ ਵਿਸ਼ਵਾਸ ਹੈ''

ਹਰਬਰਟ ਸਪੈਂਸਰ ਅਨੁਸਾਰ '' ਧਰਮ ਇਹ ਮਾਨਤਾ ਹੈ ਕਿ ਸਭ ਵਸਤਾਂ ਇਕ ਸ਼ਕਤੀ ਦਾ ਪ੍ਰਕਾਸ਼ ਹਨ ਜੋ (ਸ਼ਕਤੀ) ਸਾਡੀ ਸਮਝ ਤੋਂ ਪਰ੍ਹੇ ਹੈ।''

ਜੇਮਜ਼ ਫਰੇਜਰ ਅਨੁਸਾਰ, ਧਰਮ ਮਨੁੱਖ ਤੋਂ ਬਲਸ਼ਾਲੀ ਸ਼ਕਤੀਆਂ ਦੀ ਮੰਨਤ ਜਾਂ ਮਨੌਤ ਹੈ ਜੋ ਕੁਦਰਤੀ ਚਾਲ ਮਨੁੱਖੀ ਜੀਵਨ ਨੂੰ ਨਿਰਦੇਸ਼ਿਤ ਕਰਦੀ ਹੈ।

ਸੀ.ਪੀ ਟਾਇਲੇ ਅਨੁਸਾਰ '' ਧਰਮ ਅਸਲ ਵਿੱਚ ਉਹ ਪਵਿੱਤਰ ਅਤੇ ਸਤਿਕਾਰ ਪੂਰਣ ਮਨ ਦਾ ਰੁਝਾਣ ਹੈ। ਜਿਸਨੂੰ ਅਸੀਂ ਭਗਤੀ ਆਖਦੇ ਹਾਂ''।

ਇਹ ਸਾਰੀਆਂ ਪਰਿਭਾਸ਼ਾਵਾਂ ਧਰਮ ਨੂੰ ਸਮਝਣ ਵਿੱਚ ਸਹਾਇਕ ਹਨ।ਜਿਸ ਨਾਲ ਧਰਮ ਦੇ ਵੱਖ-ਵੱਖ ਪੱਖ ਉਜਾਗਰ ਹੁੰਦੇ ਹਨ :

1. ਧਰਮ ਇਕ ਅਲੌਕਿਕ ਸੱਤਾ ਵਿੱਚ ਵਿਸ਼ਵਾਸ ਹੈ ਜਾਂ ਜਿਸ ਨੂੰ ਅਸੀਂ ਪ੍ਰਾਭੌਤਿਕ ਹਸਤੀ ਕਹਿੰਦੇ ਹਾਂ।
2. ਪਵਿੱਤਰ ਅਤੇ ਅਪਵਿੱਤਰ ਵਸਤਾਂ ਦਾ ਨਿਖੇੜਾ ਜੋ ਮਨੁੱਖ ਨੂੰ ਇਹ ਦਸਦੇ ਹਨ ਕਿ ਕਿਹੜੇ ਕੰਮ ਕਰਨੇ ਚਾਹੀਦੇ ਹਨ ਅਤੇ ਕਿਹੜੇ ਕੰਮ ਨਹੀਂ ਕਰਨੇ ਚਾਹੀਦੇ।
3. ਪਵਿੱਤਰ ਵਸਤਾਂ ਤੇ ਕੇਂਦਰਤ ਕਰਮ ਕਾਂਡ।
4. ਦੇਵਤਿਆਂ ਦੁਆਰਾ ਪ੍ਰਵਾਣਿਤ ਨੈਤਿਕ ਵਿਧਾਨ।
5. ਅਰਦਾਸ ਜਾਂ ਦੇਵਤਿਆਂ ਨਾਲ ਸੰਚਾਰ ਦੇ ਦੂਜੇ ਰੂਪ।
6. ਇਕ ਵਿਸ਼ਵਦ੍ਰਿਸ਼ਟੀਕੋਣ ਜਾਂ ਸਮੁੱਚੇ ਜਗਤ ਦਾ ਚਿਤਰਣ ਉਸ ਵਿਚ ਵਿਅਕਤੀ ਦਾ ਸਥਾਨ।ਇਸ ਚਿੱਤਰਣ ਵਿਚ ਜਗਤ ਦੇ ਸਮੁੱਚੇ ਮਨੋਰਥਾਂ ਦਾ ਕੁਝ ਵਿਸਥਾਰ ਪੂਰਵਕ ਵਰਨਣ ਅਤੇ ਵਿਅਕਤੀ ਦੇ ਇਸ ਸਥਾਨ ਦੇ ਸੰਕੇਤ ਹੁੰਦੇ ਹਨ।
7. ਵਿਸ਼ਵ ਦ੍ਰਿਸ਼ਟੀਕੋਣ ਤੇ ਅਧਾਰਤ ਆਪਣੇ ਜੀਵਨ ਦੀ ਲਗਭਗ ਸਮੁੱਚੀ ਵਿਵਸਥਾ। ਧਰਮ ਮਨੁੱਖ ਨੂੰ ਦੁਨੀਆਂ ਬਾਰੇ ਇਕ ਦ੍ਰਿਸ਼ਟੀਕੋਣ ਦਿੰਦਾ ਹੈ ਜਿਸ ਅਨੁਸਾਰ ਮਨੁੱਖ ਆਪਣਾ ਜੀਵਨ ਬਤੀਤ ਕਰਦਾ ਹੈ।
8. ਵਿਸ਼ੇਸ਼ ਧਾਰਮਿਕ ਭਾਵਨਾਵਾਂ ਜਿਹੜੀਆਂ ਪਵਿੱਤਰ ਵਸਤਾਂ ਦੀ ਹਜੂਰੀ ਵਿੱਚ ਅਤੇ ਕਰਮਕਾਂਡੀ ਅਮਲ ਸਮੇਂ ਜਾਗਦੀਆ ਹਨ ਅਤੇ ਜੋ ਵਿਚਾਰਾਂ ਕਰਕੇ ਦੇਵਤਿਆਂ ਨਾਲ ਸੰਬੰਧਿਤ ਹੁੰਦੀਆਂ ਹਨ।.

ਧਰਮ ਦੇ ਸਾਰੇ ਪੱਖ ਨੂੰ ਲੈ ਕੇ ਧਰਮ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਧਰਮ ਦੀ ਉਹ ਪਰਿਭਾਸ਼ਾ ਹੀ ਸਰਵ ਪ੍ਰਵਾਨਿਤ ਹੋਵੇਗੀ ਜੋ ਧਰਮ ਦੇ ਸਾਰੇ ਪੱਖਾ ਨੂੰ ਉਜਾਗਰ ਕਰੇ। ਧਰਮ ਸਮਾਜ ਦਾ ਆਧਾਰ ਹੈ। ਮਨੁੱਖ ਜਾਤੀ ਦੀਆਂ ਸਰਵੋਤਮ ਕਦਰਾਂ ਕੀਮਤਾਂ ਦਾ ਮੂਲ ਸ੍ਰੋਤ ਧਾਰਮਿਕ ਪਿਛੋਕੜ ਹੈ। ਸਧਾਰਨ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਧਰਮ ਮਨੁੱਖ ਦਾ ਦੈਵੀ ਸ਼ਕਤੀਆਂ ਨਾਲ ਸੰਬੰਧ ਦਾ ਨਾਂ ਹੀ ਨਹੀਂ ਬਲਕਿ ਧਰਮ ਦਾ ਜੀਵਨ ਦੇ ਹਰ ਪਹਿਲੂ, ਹਰ ਕਿਰਿਆ ਵਿੱਚ ਪ੍ਰਗਟ ਹੁੰਦਾ ਹੈ।ਧਰਮ ਸਾਨੂੰ ਚੰਗੇ ਜੀਵਨ ਦੀ ਜਾਂਚ ਸਿਖਾਉਦੇ ਹੈ।

### 1.2.5 ਧਰਮ ਦਾ ਸਰੂਪ

ਪੁਰਾਣੇ ਸਮੇਂ ਵਿਚ ਧਰਮ ਦਾ ਅੱਜ ਵਾਲਾ ਸਰੂਪ ਨਹੀਂ ਸੀ। ਵੱਖ-ਵੱਖ ਦੇਸ਼ਾਂ ਵਿਚ ਵੀ ਧਰਮ ਦਾ ਇਕੋ ਰੂਪ ਨਹੀਂ ਸੀ ਤੇ ਅੱਜ ਵੀ ਨਹੀਂ ਹੈ। ਪੁਰਾਣੇ ਧਰਮ ਉੱਨਤੀ ਕਰਕੇ ਨਵੇਂ ਧਰਮ ਬਣੇ ਜਿਵੇਂ ਭਾਰਤ ਵਰਸ਼ ਵਿਚ ਅਸੀਂ ਹਿੰਦੂ, ਬੋਧੀ, ਜੈਨੀ, ਇਸਲਾਮ ਤੇ ਸਿੱਖ ਧਰਮ ਆਦਿ ਦੇਖਦੇ ਹਾਂ, ਅੱਜ ਵੀ ਧਰਮਾਂ ਤੇ ਪੂਜਾ ਪਾਠ ਦੇ ਢੰਗ ਵੱਖ-ਵੱਖ ਹਨ। ਇਹਨਾਂ ਦੇ ਜਨਮ, ਮਰਨ, ਵਿਆਹ, ਆਦਿ ਦੀਆਂ ਰੀਤਾਂ ਰਸਮਾਂ ਵਿਚ ਵੀ ਅੰਤਰ ਹੈ। ਪੁਰਾਤਨ ਮਨੁੱਖ ਕੁਦਰਤ ਦੀਆਂ ਸ਼ਕਤੀਆਂ ਨੂੰ ਵੇਖ ਕੇ ਹੈਰਾਨ ਹੁੰਦਾ ਸੀ ਤੇ ਇਹਨਾਂ ਸ਼ਕਤੀਆਂ ਨੂੰ ਆਪਣੀ ਭਲਾਈ ਹਿੱਤ ਵਰਤਣ ਲਈ ਉਸ ਨੇ ਇਹਨਾਂ ਸ਼ਕਤੀਆਂ ਅੱਗ, ਸੂਰਜ, ਪਾਣੀ ਆਦਿ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਹੋਲੀ ਹੋਲੀ ਉਸ ਨੂੰ ਇਹਨਾਂ ਸ਼ਕਤੀਆਂ ਪਿੱਛੇ ਕਿੱਸੇ ਹੋਰ ਗੈਬੀ ਸ਼ਕਤੀ ਦਾ ਅਹਿਸਾਸ ਹੋਇਆ ਤੇ ਉਸ ਨੂੰ ਇਹ ਕਰਤਾਰ ਜਾਂ ਰੱਬ ਸਮਝਣ ਲੱਗਾ। ਪੁਰਾਤਨ ਕਾਲ ਵਿਚ ਧਰਮ ਦੇ ਤਿੰਨ

ਵਿਸ਼ੇਸ਼ ਰੂਪ ਦਿਖਾਈ ਦਿੰਦੇ ਹਨ।

ਪਹਿਲਾਂ ਮਨੁੱਖ ਇਕੱਲਾ ਰਹਿੰਦਾ ਸੀ। ਉਸ ਵੇਲੇ ਆਪਣਾ ਹੀ ਭਲਾ ਸੋਚਦਾ ਸੀ ਜਿਵੇਂ ਮੈਨੂੰ ਚੰਗਾ ਸ਼ਿਕਾਰ ਮਿਲੇ, ਮੈਨੂੰ ਸ਼ੇਰ, ਸੱਪ ਜਾਂ ਕੋਈ ਹੋਰ ਜਾਨਵਰ ਖਾ ਨਾ ਜਾਣ। ਡਰ ਵਸ ਉਸ ਨੇ ਇਹਨਾਂ ਨੂੰ ਸ਼ਕਤੀਆਂ ਮੰਨ ਲਿਆ ਤੇ ਇਹਨਾਂ ਨੂੰ ਪੂਜਣਾ ਸ਼ੁਰੂ ਕਰ ਦਿੱਤਾ।

ਫਿਰ ਮਨੁੱਖ ਨੇ ਟੋਲਿਆਂ ਵਿਚ ਰਹਿਣਾ ਸ਼ੁਰੂ ਕੀਤਾ। ਉਹ ਟੱਬਰ ਪਾਲਣ ਤੇ ਖੇਤੀ ਕਰਨ ਲੱਗਾ। ਉਸ ਨੂੰ ਅਨਾਜ ਤੇ ਰੱਖਿਆ ਦੀ ਲੋੜ ਸੀ। ਹੁਣ ਮਨੁੱਖ ਚਾਹੁੰਦਾ ਸੀ, ਮੀਂਹ ਪਵੇ, ਖੇਤੀ ਹੋਵੇ, ਫਲ ਬਹੁਤੇ ਲੱਗਣ ਤੇ ਸਾਡੇ ਬੱਚੇ ਸੁਖੀ ਰਹਿਣ। ਸਾਰਾ ਕਬੀਲਾ ਜਾਂ ਟੋਲਾ ਇਕੱਠਾ ਕੰਮ ਕਰਦਾ। ਬਾਹਰੋਂ ਆਏ ਹਮਲਾਵਰਾਂ ਦਾ ਰਲ ਕੇ ਮੁਕਾਬਲਾ ਕਰਦੇ। ਸਾਰੇ ਇਕੱਠੇ ਮਿਲ ਕੇ ਧਰਮ ਕਮਾਉਣ ਲੱਗੇ। ਉਹ ਇਕੱਠੇ ਮਿਲ ਕੇ ਪੂਜਾ ਪਾਠ ਕਰਦੇ। ਸਾਰਿਆਂ ਦੇ ਇਕ ਥਾਂ ਇਕੱਠੇ ਹੋਣ ਲਈ ਇਕ ਸਾਂਝੀ ਥਾਂ ਨਿਯੁਕਤ ਕਰਦੇ ਜਿਸ ਨੂੰ ਪਿਛੋਂ ਮੰਦਰ ਕਿਹਾ ਜਾਣ ਲੱਗਾ। ਧਰਮ ਦਾ ਤੀਜਾ ਸਰੂਪ ਰਾਸ਼ਟਰੀ ਧਰਮ ਸੀ। ਕਈ ਦੇਸ਼ਾਂ ਵਿਚ ਇਕੋ ਹੀ ਧਰਮ ਪ੍ਰਚਲਿਤ ਹੁੰਦਾ ਸੀ। ਦੇਸ਼ ਦੀ ਭੂਗੋਲਿਕ ਹਾਲਤ ਅਨੁਸਾਰ ਅਤੇ ਰੁੱਤਾਂ ਤੇ ਉਪਜ ਅਨੁਸਾਰ ਵੀ ਧਰਮ ਦਾ ਰੂਪ ਬਦਲਦਾ ਰਹਿੰਦਾ ਸੀ। ਯੂਰਪ ਦਾ ਬਹੁਤਾ ਹਿੱਸਾ ਈਸਾਈ ਧਰਮ ਦਾ ਵਿਸ਼ਵਾਸੀ ਹੈ। ਪਰ ਤਿੱਬਤ ਵਿਚ ਅਜਿਹਾ ਨਹੀਂ। ਅਰਬ ਤੇ ਇਰਾਕ ਆਦਿ ਵਿਚ ਇਸਲਾਮ ਧਰਮ ਹੈ। ਦੇਸ਼, ਰੁੱਤ ਤੇ ਉਪਜ ਕਰਕੇ ਕਈ ਰਿਵਾਜ ਧਰਮ ਵਿਚ ਆ ਜਾਂਦੇ ਹਨ ਤੇ ਧਰਮ ਦੇ ਕਈ ਵਿਸ਼ਵਾਸ ਸਭ ਦੇਸ਼ ਵਾਸੀਆਂ ਦਾ ਧਰਮ ਬਣ ਜਾਂਦੇ ਹਨ, ਜਿਵੇਂ ਈਸਾਈਆਂ ਤੇ ਮੁਸਲਮਾਨਾਂ ਵਿਚ ਮੁਰਦੇ ਦੱਬਣ ਦਾ ਰਿਵਾਜ ਧਾਰਮਿਕ ਰਿਵਾਜ ਬਣ ਚੁੱਕਾ ਹੈ। ਮਨੁੱਖ ਜਾਤੀ ਨੂੰ ਪੁਰਾਣੇ ਜੀਵਨ ਤੋਂ ਵਿਕਾਸ ਕਰਕੇ ਅੱਜ ਦੇ ਵਰਤਮਾਨ ਸਰੂਪ ਤੱਕ ਅੱਪੜਨ ਲਈ ਹਜ਼ਾਰਾ ਸਾਲ ਦਾ ਸਮਾਂ ਲੱਗਾ ਹੈ। ਇਸ ਵਿਕਾਸ ਦੇ ਨਾਲ-ਨਾਲ ਧਰਮ ਦੇ ਸਰੂਪ ਵਿਚ ਵੀ ਤਬਦੀਲੀ ਆਉਣੀ ਕੁਦਰਤੀ ਸੀ। ਹਰ ਸਭਿਅਤਾ ਦੀ ਤਰੱਕੀ ਦੇ ਨਾਲ-ਨਾਲ ਧਰਮ ਦੇ ਵਿਚਾਰਾਂ ਵਿਚ ਵੀ ਵਿਕਾਸ ਹੋਇਆ। ਮਾਨਵੀ ਜੀਵਨ ਦੀ ਬਿਹਤਰੀ ਅਤੇ ਗੌਰਵ ਨੂੰ ਸਥਾਪਿਤ ਕਰਨ ਵਾਲੀਆਂ ਨਵੀਆਂ ਮਾਨਵੀ ਚੇਤਨਾਵਾਂ ਧਰਮ ਦੇ ਲਚਕੀਲੇ ਸੁਭਾਅ ਕਾਰਨ ਹੀ ਇਸ ਦਾ ਅੰਗ ਬਣ ਸਕਦੀਆਂ ਹਨ।

ਕੋਈ ਸਮਾਂ ਸੀ ਜਦੋਂ ਮਨੁੱਖ ਕੁਦਰਤ ਦੀਆਂ ਸ਼ਕਤੀਆਂ ਨੂੰ ਦੇਖ ਕੇ ਚਕਾਚੌਂਧ ਹੁੰਦੇ ਤੇ ਉਹਨਾਂ ਦੇ ਪ੍ਰਕੋਪ ਤੋਂ ਬਚਣ ਲਈ ਤੇ ਉਹਨਾਂ ਨੂੰ ਆਪਣੀ ਭਲਾਈ ਲਈ ਵਰਤਣ ਲਈ ਉਹਨਾਂ ਦੀ ਉਪਾਸਨਾ ਕਰਨ ਲੱਗਾ। ਉਸ ਨੇ ਉਹਨਾਂ ਦੀ ਸ਼ਕਤੀ ਅਨੁਸਾਰ ਉਹਨਾਂ ਦੇ ਨਾਂ ਘੜ ਲਏ ਤੇ ਹਰ ਇਕ ਦੀ ਪੂਜਾ ਲਈ ਇਕ ਵੱਖਰਾ ਤਰੀਕਾ ਘੜਿਆ ਗਿਆ, ਜਿਵੇਂ ਮੀਂਹ ਦਾ ਦੇਵਤਾ ਇੰਦਰ, ਪਾਣੀ ਦਾ ਦੇਵਤਾ ਵਰੁਣ, ਵਿਦਿਆ ਦੀ ਦੇਵੀ ਸਰਸਵਤੀ, ਜੰਗਾਂ ਯੁੱਧਾਂ ਦੀ ਦੇਵੀ ਕਾਲਕਾ ਜਾਂ ਚੰਡੀ ਜਾਂ ਦੁਰਗਾ ਮੰਨੀ ਗਈ। ਇਹਨਾਂ ਦੇਵਤਿਆਂ ਨੂੰ ਖੁਸ਼ ਕਰਨ ਲਈ ਉਹਨਾਂ ਦੀ ਪੂਜਾ ਦੇ ਵੱਖ-ਵੱਖ ਢੰਗ ਬਣੇ। ਜਿਹਨਾਂ ਦਾ ਪਹਿਲਾ ਰੂਪ ਜਾਦੂ ਟੂਣੇ ਸਨ ਉਹਨਾਂ ਲੋਕਾਂ ਨੂੰ ਹਰ ਵਸਤੂ ਦੇ ਪਿਛੇ ਕੋਈ ਰੂਹ ਕੰਮ ਕਰਦੀ ਨਜ਼ਰ ਆਉਂਦੀ ਸੀ ਜਿਸ ਦੇ ਭੈੜੇ ਪ੍ਰਮਾਣ ਤੋਂ ਬਚਣ ਲਈ ਉਹ ਯਤਨ ਕਰਦੇ ਸਨ। ਇਸ ਤਰ੍ਹਾਂ ਦੇਵ ਪੂਜਾ ਦਾ ਮੁੱਢ ਬੱਝਾ ਤੇ ਹੌਲੀ-ਹੌਲੀ ਇਹਨਾਂ ਦੇਵਾਂ ਤੇ ਦੇਵੀਆਂ ਦੀਆਂ ਮੂਰਤਾਂ ਬਣਾ ਲਈਆਂ ਗਈਆਂ।

ਦੇਵੀ-ਦੇਵਤਿਆਂ ਜਾਂ ਮੂਰਤੀ ਪੂਜਾ ਤੋਂ ਪਿਛੋਂ ਧਰਮ ਦਾ ਇਕ ਰੂਪ ਰਿਸ਼ੀਆਂ, ਅਵਤਾਰਾਂ, ਗੁਰੂਆਂ ਦੇ ਦੱਸੇ ਉਪਦੇਸ਼ਾਂ ਨੂੰ ਮੰਨਣ ਦਾ ਬਣਿਆ। ਧਰਮ ਦੇ ਨੇਮ ਦੱਸਣ ਵਾਲੇ ਦਾ ਸਤਿਕਾਰ ਹੋਇਆ ਤੇ ਇਸ ਸਮੇਂ ਉਪਦੇਸ਼ ਦੇਣ ਵਾਲੇ ਰਿਸ਼ੀਆਂ, ਮੁਨੀਆਂ ਗੁਰੂਆਂ, ਸੰਤਾਂ ਦੀ ਪੂਜਾ ਹੋਣ ਲੱਗੀ ਤੇ ਜਿਸ ਗ੍ਰੰਥ ਜਾਂ ਪੋਥੀ ਵਿਚ ਇਹਨਾਂ ਮਹਾਂਪੁਰਖਾਂ ਦੇ ਉਪਦੇਸ਼ ਹੁੰਦੇ ਸਨ ਉਸ ਗ੍ਰੰਥ ਜਾਂ ਪੋਥੀ ਦਾ ਸਤਿਕਾਰ ਤੇ ਪੂਜਾ ਹੋਣੀ ਸ਼ੁਰੂ ਹੋ ਗਈ। ਹਿੰਦੂ ਧਰਮ ਵਿਚ ਵੇਦਾਂ ਸ਼ਾਸਤਰਾਂ ਦਾ ਸਤਿਕਾਰ ਹੈ, ਈਸਾਈ ਤੇ ਮੁਸਲਮਾਨਾਂ ਲਈ ਕੁਰਾਨ ਸ਼ਰੀਫ ਤੇ ਇੰਜੀਲ ਦੇ ਉਪਦੇਸ਼ ਮੰਨਣ ਯੋਗ ਹਨ। ਸਿੱਖਾਂ ਲਈ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਦਾ ਪੂਜਾ ਸਥਾਨ ਹੈ।

ਪਰ ਹੌਲੀ ਹੌਲੀ ਮਨੁੱਖਾਂ ਨੂੰ ਇਹਨਾਂ ਸਭ ਸ਼ਕਤੀਆਂ ਪਿਛੇ, ਸਾਰੇ ਪੈਗੰਬਰਾਂ ਪਿਛੇ ਇਕ ਮਹਾਨ ਸ਼ਕਤੀ

ਕੰਮ ਕਰਦੀ ਪ੍ਰਤੀਤ ਹੋਈ ਜੋ ਇਹਨਾਂ ਸਭ ਦੀ ਮਾਲਕ ਹੈ। ਇਸ ਦਾ ਹੁਕਮ ਮੰਨ ਕੇ ਪੀਰ ਪੈਗੰਬਰ ਜਾਂ ਗੁਰੂ ਸੰਸਾਰ ਤੇ ਆਏ। ਉਹ ਹੈ ਇਕ ਗੁਰੂ ਦੇਵ ਦਾ ਸਰੂਪ, ਜੋ ਸਭ ਕੁਝ ਜਾਣਨ ਵਾਲਾ ਤੇ ਸਭ ਸ਼ਕਤੀਆਂ ਦਾ ਮਾਲਕ ਹੈ। ਜਿਸ ਦਾ ਹੁਕਮ ਸਭ ਤੇ ਲਾਗੂ ਹੁੰਦਾ ਹੈ। ਸਭ ਦੇਵਤੇ ਤੇ ਦੇਵੀਆਂ ਜਾਂ ਅਵਤਾਰ ਪ੍ਰਮਾਤਮਾ ਦੇ ਹੀ ਬਣਾਏ ਹੋਏ ਹਨ ਤੇ ਉਸ ਦੇ ਅਧੀਨ ਹਨ। ਇਹ ਧਰਮ ਦਾ ਏਕਤਾਵਾਦੀ ਸਰੂਪ ਹੈ ਜਿਸ ਵਿਚ ਕੇਵਲ ਇਕੋ ਰੱਬ ਨੂੰ ਪੂਜਿਆ ਜਾਂਦਾ ਹੈ ਤੇ ਉਸ ਦੇ ਬਰਾਬਰ ਹੋਰ ਕਿਸੇ ਨੂੰ ਨਹੀਂ ਮੰਨਿਆ ਜਾਂਦਾ।

**1.2.6 ਸਿੱਟਾ** :– ਇਸ ਪਾਠ ਵਿਚ ਧਰਮ ਅਤੇ ਮਨੁੱਖੀ ਆਰੰਭ ਦਾ ਵਰਨਦ ਪ੍ਰਾਪਤ ਹੈ। ਮਨੁੱਖ ਦੀ ਹੋਂਦ ਨਾਲ ਹੀ ਧਰਮ ਦਾ ਆਰੰਭ ਹੁੰਦਾ ਹੈ ਸੋ ਧਰਮ ਅਤੇ ਮਨੁੱਖ ਇੱਕ ਜਿੰਨੇ ਪ੍ਰਾਚੀਨ ਮੰਨੇ ਗਏ ਹਨ। ਸਮੇਂ ਸਮੇਂ ਤੇ ਮਨੁੱਖ ਅਤੇ ਧਰਮ ਦੋਨਾਂ ਦੇ ਸਰੂਪ ਵੀ ਬਦਲਦੇ ਰਹੇ ਹਨ ਅਤੇ ਸਮਕਾਲੀ ਧਰਮ ਦਾ ਸਰੂਪ ਵਿਅਕਤੀਗਤ ਤੇ ਸੰਸਥਾਗਤ ਬਣ ਗਿਆ।

**1.2.7 ਪ੍ਰਸ਼ਨ** :

1. ਧਰਮ ਦੇ ਆਰੰਭ ਬਾਰੇ ਤੁਸੀ. ਕੀ ਜਾਣਦੇ ਹੋ ?
2. ਧਰਮ ਦਾ ਕੀ ਅਰਥ ਹੈ ? ਧਰਮ ਦੇ ਸ੍ਰਪ ਉੱਪਰ ਚਰਚਾ ਕਰੋ।

**1.2.8 ਪੁਸਤਕਾ** :

1. ਧਰਮ ਦੀ ਉਤਪਤੀ ਅਤੇ ਵਿਕਾਸ : ਜੀ.ਐਸ. ਤਾਲਿਬ
2. ਧਰਮ ਅਧਿਐਨ ਅਤੇ ਸਿੱਖ ਅਧਿਐਨ : ਦਰਸ਼ਨ ਸਿੰਘ
3. Theories of Religion : William L. Bloss

**ਪਾਠ ਨੰ: 1.3**

## ਮੁੱਢਲੇ ਧਾਰਮਿਕ ਵਿਸ਼ਵਾਸ


1.3.1 ਉਦੇਸ਼
1.3.2 ਭੂਮਿਕਾ
1.3.3 ਮਾਨਾ
1.3.4 ਐਨੀਮਿਜ਼ਮ (Animism)
1.3.5 ਟੋਟਮਿਜ਼ਮ
1.3.6 ਸਿੱਟਾ
1.3.7 ਪ੍ਰਸ਼ਨ
1.3.8 ਪੁਸਤਕਾਂ


### 1.3.1 ਭੂਮਿਕਾ :

ਇਸ ਪਾਠ ਵਿਚ ਪਿਛਲੇ ਪਾਠ ਦੀ ਨਿਰੰਤਰਤਾ ਨੂੰ ਕਾਇਮ ਰੱਖਦਿਆਂ ਹੋਇਆ ਧਰਮ ਦੇ ਖੇਤਰ ਵਿਚ ਸਥਾਪਿਤ ਮੁੱਢਲੇ ਧਾਰਮਿਕ ਵਿਸ਼ਵਾਸਾਂ ਅਤੇ ਰੀਤੀ-ਰਿਵਾਜਾਂ ਆਦਿ ਦਾ ਅਧਿਐਨ ਪ੍ਰਸਤੁਤ ਹੈ।

ਪ੍ਰਾਚੀਨ ਸ਼ਬਦ ਦੋ ਤਰ੍ਹਾਂ ਦੇ ਲੋਕਾਂ ਲਈ ਵਿਗਿਆਨੀਆਂ ਨੇ ਵਰਤਿਆ ਹੈ। ਇਕ ਤਾਂ ਉਹ ਲੋਕ ਜੋ ਸਚਮੁੱਚ ਹੀ ਪ੍ਰਾਚੀਨ ਸਨ। ਪਰ ਦੂਜੇ ਉਹ ਲੋਕ ਸਨ ਜਿਨ੍ਹਾਂ ਦਾ ਜੀਵਨ ਹੁਣ ਤੱਕ ਪ੍ਰਾਚੀਨ ਪੱਧਰ ਦਾ ਰਿਹਾ ਹੈ। ਇਨ੍ਹਾਂ ਲੋਕਾਂ ਦੇ ਰੀਤੀ ਰਿਵਾਜ਼ਾਂ, ਵਿਸ਼ਵਾਸਾਂ ਦੇ ਆਧਾਰ ਤੇ ਅਸੀਂ ਇਨ੍ਹਾਂ ਲੋਕਾਂ ਦੇ ਧਰਮ ਪ੍ਰਤੀ ਵਿਚਾਰ ਦੇਖ ਸਕਦੇ ਹਾਂ। ਭਾਵੇਂ ਇਹ ਵੱਖ ਵੱਖ ਕਬੀਲੇ ਇਕ ਦੂਜੇ ਤੋਂ ਸੁਤੰਤਰ ਸਨ, ਪਰ ਫਿਰ ਵੀ ਇਨ੍ਹਾਂ ਦੇ ਵਿਸ਼ਵਾਸਾਂ ਤੇ ਵਰਤਾਉ ਵਿਚ ਵਿਸ਼ੇਸ਼ ਸਮਾਨਤਾਵਾਂ ਸਨ। ਜਿਨ੍ਹਾਂ ਤੋਂ ਇਨ੍ਹਾਂ ਲੋਕਾਂ ਦੇ ਪੁਰਾਤਨ ਧਰਮ ਸਬੰਧੀ ਕਈ ਰੂਪ ਸਾਡੇ ਸਾਹਮਣੇ ਪ੍ਰਗਟ ਹੁੰਦੇ ਹਨ।

### 1.3.2 ਉਦੇਸ਼

ਵਿਦਿਆਰਥੀਆਂ ਨੂੰ ਪ੍ਰਾਚੀਨ ਮਨੁੱਖ ਜਾਤੀ ਅਤੇ ਉਹਨਾਂ ਦੇ ਧਾਰਮਿਕ ਵਿਸ਼ਵਾਸਾਂ ਬਾਰੇ ਜਾਣਕਾਰੀ ਦੇਣ ਹਿੱਤ ਇਹ ਅਧਿਆਇ ਲਿਖਿਆ ਗਿਆ ਹੈ। ਇਸ ਅਧਿਆਇ ਵਿੱਚ ਮਨੁੱਖ ਜਾਤੀ ਅੰਦਰ ਧਰਮ ਜਾਂ ਧਾਰਮਿਕ ਪ੍ਰਵਿਰਤੀ ਕਿਵੇਂ ਪ੍ਰਵੇਸ਼ ਕਰਦੀ ਹੈ ਅਤੇ ਧਾਰਮਿਕ ਪ੍ਰਵਿਰਤੀ ਨਾਲ ਕਿਹੜੇ ਧਾਰਮਿਕ ਵਿਸ਼ਵਾਸ ਬਣਦੇ ਹਨ ਅਤੇ ਇਹਨਾਂ ਵਿਸ਼ਵਾਸਾਂ ਨੂੰ ਕਿਵੇਂ ਮੰਨਿਆ ਅਤੇ ਨਿਭਾਇਆ ਜਾਂਦਾ ਹੈ ਬਾਰੇ ਵਿਚਾਰ ਕੀਤੀ ਗਈ ਹੈ।

### 1.3.3 ਮਾਨਾ

ਮਾਨਾ ਸ਼ਬਦ ਮੈਲੇਨੇਸ਼ੀਆਈ ਲੋਕ ਬੋਲੀ ਦਾ ਸ਼ਬਦ ਹੈ, ਜੋ ਇੰਡੋਨੇਸ਼ੀਅਨ ਸ਼ਬਦ ਮੀਨਾਂਗ ਜਾਂ ਮਾਨਾਂਗ ਤੋਂ ਬਣਿਆ ਦੱਸਿਆ ਜਾਂਦਾ ਹੈ। ਸ੍ਰੀ ਆਰ.ਐਚ.ਕਾਡਰਿੰਗਟਨ (R.H. Codrington) ਜੋ ਬਹੁਤ ਵੱਡੇ ਧਰਮ ਸ਼ਾਸਤਰੀ ਸਨ, ਲਿਖਦੇ ਹਨ ਕਿ ਮੈਨੇਨੇਸ਼ੀਆਈ ਲੋਕਾਂ ਦੇ ਧਰਮ ਦੇ ਦੋ ਅੰਗ ਹਨ, ਜਿਥੋਂ ਤੀਕ ਵਿਸ਼ਵਾਸ ਦਾ ਸੰਬੰਧ ਹੈ, ਉਨ੍ਹਾਂ ਦੀ ਮਾਨਤਾ ਹੈ ਕਿ ਸਾਰੇ ਪਾਸੇ ਕੋਈ ਗੈਬੀ ਸ਼ਕਤੀ ਦੋ ਅਦ੍ਰਿਸ਼ਟ ਖੰਡਾਂ ਚੋਂ ਆਉਂਦੀ ਹੈ, ਪਸਰੀ ਹੋਈ ਹੈ ਅਤੇ ਜਿੱਥੋਂ ਤਕ ਉਨ੍ਹਾਂ ਦੀ ਉਪਾਸਨਾ ਦਾ ਸੰਬੰਧ ਹੈ ਉਸ ਦਾ ਪ੍ਰਯੋਜਨ ਇਹ ਹੈ ਕਿ ਉਹ ਗੈਬੀ ਸ਼ਕਤੀ ਨੂੰ ਆਪਣੇ ਲਾਭ ਹਿਤ ਵਰਤਿਆ ਜਾਏ। ਉਹ ਫਿਰ ਲਿਖਦੇ ਹਨ ਕਿ ਉਨ੍ਹਾਂ ਦਾ ਕਿਸੇ ਐਸੀ ਸ਼ਕਤੀ ਵਿਚ ਵਿਸ਼ਵਾਸ

ਹੈ ਜੋ ਸਰੀਰਕ ਸ਼ਕਤੀ ਤੋਂ ਬਿਲਕੁਲ ਭਿੰਨ ਹੈ, ਪਰ ਜੋ ਨੇਕ ਅਤੇ ਬਹਾਦਰ ਪ੍ਰਕਾਰ ਦੇ ਕਰਤੱਵ ਕਰਦੀ ਹੈ ਤੇ ਉਸ ਨੂੰ ਵਸ ਵਿਚ ਕਰਨਾ ਬੜਾ ਲਾਭਦਾਇਕ ਹੈ, ਇਹ ਸ਼ਕਤੀ ਮਾਨਾ ਹੈ।

ਇਸ ਤਰ੍ਹਾਂ ਮਾਨਾ ਇੱਕ ਉਹ ਗੁਪਤ ਸ਼ਕਤੀ ਹੈ ਜੋ ਸ਼ਰੀਰਧਾਰੀ ਨਹੀਂ, ਸਗੋਂ ਇਕ ਤਰ੍ਹਾਂ ਦੇਵੀ ਹੈ ਜਿਹੜੀਆਂ ਕੁਦਰਤ ਸੰਸਾਰ ਦੀਆਂ ਗਤੀਸ਼ੀਲ ਚੀਜ਼ਾਂ ਵਿਚ ਵਿਆਪਕ ਹੈ। ਕੁਦਰਤ ਦੀਆਂ ਵੱਖ-ਵੱਖ ਚੀਜ਼ਾਂ ਵਿਚੋਂ ਇਹ ਆਦਮੀ ਪਾਸ ਆਉਂਦੀ ਰਹਿੰਦੀ ਹੈ ਤੇ ਇਕ ਆਦਮੀ ਦੂਜੇ ਆਦਮੀ ਤੱਕ ਪਹੁੰਚਾ ਸਕਦਾ ਹੈ। ਇਹ ਸ਼ਕਤੀ ਜਿਸ ਪਾਸੇ ਤੋਂ ਆਉਂਦੀ ਹੈ ਉਸ ਪਾਸੇ ਫਿਰ ਵਾਪਸ ਜਾ ਸਕਦੀ ਹੈ। ਇਹ ਸ਼ਕਤੀ ਉਹ ਹੈ ਜਿਹੜੀ ਉਹ ਸਾਰੇ ਕੰਮ ਕਰ ਲੈਂਦੀ ਹੈ ਜੋ ਮਨੁੱਖ ਨਹੀਂ ਕਰ ਸਕਦਾ। ਜਿਵੇਂ ਕੁਦਰਤ ਦੇ ਨਿਯਮਾਂ ਨੂੰ ਬਦਲਣਾ ਜਾਂ ਰੋਕ ਦੇਣਾ। ਅਜਿਹਾ ਵਿਸ਼ਵਾਸ ਪ੍ਰਾਚੀਨ ਕਬੀਲਿਆਂ ਦਾ ਹੈ ਕਿ ਇਹ ਸ਼ਕਤੀ ਜਿੰਨ੍ਹਾਂ ਭੂਤਾਂ, ਦੇਵੀ ਦੇਵਤਿਆਂ, ਡਰਾਉਣੇ ਦ੍ਰਿਸ਼ਾਂ, ਖਤਰਨਾਕ ਜਾਨਵਰਾਂ ਤੇ ਮਨੁੱਖਾਂ ਵਿਚ ਹੈ ਤੇ ਉਨ੍ਹਾਂ ਦੁਆਰਾ ਕਰਮ ਕਰਦੀ ਹੈ।

ਸਦੀਆਂ ਬੀਤ ਜਾਣ ਪਿੱਛੋਂ ਵੀ ਇਹ ਪੁਰਾਤਨ ਸੰਸਕਾਰਾਂ ਵਾਲੇ ਕਬੀਲੇ ਆਪਣੇ ਆਪ ਨੂੰ ਇਸ ਅਦਿਖ ਸ਼ਕਤੀ ਤੋਂ ਮੁਕਤ ਨਹੀਂ ਕਰ ਸਕੇ। ਭਾਵੇਂ ਇਸ ਅਦਿਖ ਸ਼ਕਤੀ ਨੂੰ ਵੱਖ-ਵੱਖ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਅਮਰੀਕਾ ਦੇ ਰੈੱਡ ਇੰਡੀਅਨਜ਼, ਮਾਰੋ ਦੇ ਪ੍ਰਾਚੀਨ ਲੋਕ, ਅਫਰੀਕਾ ਦੇ ਪਿਗਮੀ, ਦੱਖਣੀ ਅਫਰੀਕਾ ਦੇ ਥੰਟੂ ਤੇ ਦੁਨੀਆਂ ਦੇ ਹੋਰ ਭਾਗਾਂ ਦੇ ਆਦਿ ਵਾਸੀ ਕਬੀਲੇ ਇਸ ਅਦਿਖ ਸ਼ਕਤੀ ਦੇ ਉਪਾਸਕ ਹਨ ਮਾਨਾ ਸ਼ਕਤੀ ਦੀ ਪੂਜਾ ਨਹੀਂ ਕੀਤੀ ਜਾਂਦੀ, ਸਗੋਂ ਉਸ ਜਾਨਵਰ, ਪਸ਼ੂ ਜਾਂ ਮਨੁੱਖ ਦੀ ਪੂਜਾ ਕੀਤੀ ਜਾਂਦੀ ਹੈ ਜਿਸ ਬਾਰੇ ਵਿਸ਼ਵਾਸ ਹੋਵੇ ਕਿ ਇਸ ਵਿਚ ਮਾਨਾ ਨੇ ਪ੍ਰਵੇਸ਼ ਕੀਤਾ ਹੋਇਆ ਹੈ ਤਦ ਉਸ ਦੀ ਪੂਜਾ ਕੀਤੀ ਜਾਂਦੀ ਹੈ। ਇਨ੍ਹਾਂ ਆਦਿ ਵਾਸੀਆਂ ਦਾ ਵਿਸ਼ਵਾਸ ਸੀ ਕਿ ਜਾਂ ਤਾਂ ਮਾਨਾ ਸ਼ਕਤੀ ਨੂੰ ਖੁਸ਼ ਰੱਖੋ ਤਾਂ ਕਿ ਉਹ ਤੁਹਾਡੇ ਕਾਬੂ ਵਿਚ ਰਹੇ ਨਹੀਂ ਤਾਂ ਇਸ ਤੋਂ ਪਰੇ ਰਹੋ ਕਿਉਂਕਿ ਇਸ ਨੂੰ ਛੇੜਨ ਨਾਲ ਬੜਾ ਵੱਡਾ ਨੁਕਸਾਨ ਹੋ ਸਕਦਾ ਹੈ। ਇਸ ਲਈ ਜਾਦੂ ਮੰਤਰ ਟੂਣੇ ਆਦਿ ਕੀਤੇ ਜਾਣ ਦੇ ਸੰਸਕਾਰ ਆਰੰਭ ਹੋਏ।

ਪ੍ਰਾਚੀਨ ਮਨੁੱਖ ਜਦੋਂ ਖੂੰਖਾਰ ਜਾਨਵਰਾਂ ਤੋਂ ਭੈਅ ਭੀਤ ਹੁੰਦਾ ਸੀ ਤਾਂ ਉਸ ਨੂੰ ਲੱਗਦਾ ਸੀ ਕਿ ਉਹ ਜਾਨਵਰ ਖੂੰਖਾਰ ਨਹੀਂ ਸਗੋਂ ਇਸ ਵਿਚ ਫਸੀ ਹੋਈ ਸ਼ਕਤੀ ਮਾਨਾ ਕਾਰਨ ਇਹ ਜਾਨਵਰ ਖੂੰਖਾਰ ਹਨ, ਬਲਵਾਨ ਹਨ। ਜੇ ਮਾਨਾ ਸ਼ਕਤੀ ਉਸ ਕੋਲ ਹੋਵੇ ਤਾਂ ਉਹ ਇਨ੍ਹਾਂ ਜਾਨਵਰਾਂ ਦਾ ਟਾਕਰਾ ਬੜੀ ਆਸਾਨੀ ਨਾਲ ਕਰ ਸਕਦਾ ਹੈ। ਇਸ ਕਰਕੇ ਉਹ ਆਪਣੇ ਨੇਜੇ ਜਾਂ ਹੋਰ ਹਥਿਆਰਾਂ ਉੱਤੇ ਅਜਿਹੇ ਮੰਤਰ ਲਿਖਾ ਲੈਂਦਾ, ਉਸ ਦਾ ਵਿਸ਼ਵਾਸ ਸੀ ਕਿ ਹਥਿਆਰਾਂ ਉੱਤੇ ਅਜਿਹੇ ਮੰਤਰ ਲਿਖਣ ਨਾਲ ਉਸ ਹਥਿਆਰ ਤੇ ਉਸ ਹਥਿਆਰ ਨੂੰ ਚਲਾਉਣ ਵਾਲੇ ਦੀ ਤਾਕਤ ਉਸ ਜਾਨਵਰ ਨਾਲੋਂ ਵੀ ਵੱਧ ਹੋ ਜਾਂਦੀ ਜਿਸ ਤੇ ਉਸ ਨੇ ਹਮਲਾ ਕਰਨਾ ਹੁੰਦਾ ਸੀ ਤਦ ਉਹ ਪੂਰੇ ਆਤਮ ਵਿਸ਼ਵਾਸ ਨਾਲ ਉਸ ਜਾਨਵਰ ਉੱਤੇ ਹਮਲਾ ਕਰਦਾ। ਜੇਕਰ ਕੋਈ ਬੰਦਾ ਬਹੁਤ ਬਹਾਦਰ ਹੁੰਦਾ ਤਾਂ ਉਸ ਦੀ ਸਫਲਤਾ ਦਾ ਭੇਦ ਮਾਨਾ ਮੰਨਿਆ ਜਾਂਦਾ। ਜੇਕਰ ਕੋਈ ਯੁੱਧ ਕਲਾ ਜਾਂ, ਤੀਰ-ਅੰਦਾਜ਼ੀ ਵਿਚ ਬਹੁਤ ਮਾਹਰ ਹੁੰਦਾ ਤਾਂ ਇਹ ਨਹੀਂ ਸਮਝਿਆ ਜਾਂਦਾ ਕਿ ਉਹ ਮਾਹਰ ਹੈ ਸਗੋਂ ਕਿਹਾ ਜਾਂਦਾ ਹੈ ਕਿ ਇਹ ਸਭ ਕੁਝ ਮਾਨਾ ਦੀ ਕਰਾਮਾਤ ਹੈ। ਇੱਥੋਂ ਤਕ ਕਿ ਸਾਰਾ ਵਿਸ਼ਵਾਸ ਉਸ ਸ਼ਕਤੀ ਮਾਨਾ ਦੁਆਰਾ ਹੀ ਕਾਰਜਸ਼ੀਲ ਹੈ। ਹਰ ਸਫਲ ਬੰਦੇ ਦੀ ਸਫਲਤਾ ਦਾ ਭੇਦ ਮਾਨਾ ਮੰਨਿਆ ਜਾਂਦਾ।

ਮਾਨਾ ਸਦਕਾ ਹੀ ਭਰਪੂਰ ਫਸਲਾਂ ਉਗਦੀਆਂ ਅਤੇ ਦਰਖਤਾਂ ਨੂੰ ਚੰਗੇ ਫਲ ਅਤੇ ਫੁੱਲ ਲਗਦੇ ਹਨ। ਆਪਾਂ ਅੱਜ ਵੀ ਦੇਖਦੇ ਹਾਂ ਕਿ ਵਾਢੀ ਦੇ ਸਮੇਂ ਕਿਸਾਨ ਆਪਣੇ ਖੇਤ ਦੇ ਇਕ ਕੋਨੇ ਵਿਚ ਕੁਝ ਹਿੱਸਾ ਫਸਲ ਖੜ੍ਹੀ ਰਹਿਣ ਦਿੰਦਾ ਹੈ। ਉਸ ਦਾ ਵਿਚਾਰ ਹੈ ਕਿ ਇਸ ਤਰੀਕੇ ਨਾਲ ਮਾਨਾ ਇਸ ਸਾਲ ਦੀ ਫਸਲ ਤੋਂ ਅਗਲੇ ਸਾਲ ਦੀ ਫਸਲ ਵਿਚ ਪ੍ਰਵੇਸ਼ ਕਰ ਜਾਵੇਗੀ ਅਤੇ ਭਰਪੂਰ ਫਸਲ ਹੋਵੇਗੀ ਕਿਉਂਕਿ ਭਰਪੂਰ ਫਸਲ ਪਿੱਛੇ ਵੀ ਮਾਨਾ ਦਾ ਹੀ ਵਰਦਾਨ ਸਮਝਿਆ ਜਾਂਦਾ ਹੈ। ਮਾਨਾ ਹੀ ਕਿਸੇ ਨੂੰ ਫਕੀਰ ਤੇ ਕਿਸੇ ਨੂੰ ਬਾਦਸ਼ਾਹ ਬਣਾਉਣ ਦੀ ਸਮਰੱਥਾ ਰੱਖਦੀ ਹੈ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਬਾਦਸ਼ਾਹ ਨੂੰ ਬਾਦਸ਼ਾਹੀ ਮਾਨਾ ਸ਼ਕਤੀ ਦੀ ਖੁਸ਼ੀ ਕਾਰਨ ਮਿਲੀ ਹੈ ਤੇ ਫਕੀਰ ਨੂੰ ਫਕੀਰੀ ਮਾਨਾ ਸ਼ਕਤੀ ਦੀ ਨਰਾਜ਼ਗੀ ਕਾਰਨ।

ਪਰ ਇਨ੍ਹਾਂ ਪ੍ਰਾਚੀਨ ਸੰਕਲਪਾਂ ਦਾ ਅਧਿਐਨ ਕਰਨ ਵੇਲੇ ਜਿਹੜੀ ਗੱਲ ਸਭ ਤੋਂ ਜ਼ਰੂਰੀ ਹੈ ਉਹ ਇਹ ਹੈ ਕਿ ਜਿਨ੍ਹਾਂ ਸੰਸਕਾਰਾਂ ਬਾਰੇ ਅਸੀਂ ਵਿਚਾਰ ਕਰ ਰਹੇ ਹਾਂ ਕਿ ਇਹ ਸੰਸਕਾਰ ਹਜ਼ਾਰਾਂ ਸਾਲ ਪਹਿਲਾਂ ਦੇ ਮਨੁੱਖ ਦੇ ਹਨ ਜੋ ਪੀੜ੍ਹੀ ਦਰ ਪੀੜ੍ਹੀ- ਚੱਲਦੇ ਹੋਏ ਇਨ੍ਹਾਂ ਕਬੀਲਿਆਂ ਰਾਹੀਂ ਅੱਜ ਤੱਕ ਜਿਉਂਦੇ ਹਨ। ਇਹ ਮਾਨਾ ਵਿਚਾਰਾਂ ਦਾ ਪ੍ਰਭਾਵ ਸਮਾਜ ਦੇ ਦੂਜੇ ਲੋਕਾਂ ਤੇ ਵੀ ਇਨ੍ਹਾਂ ਦੀ ਰੀਸੋ-ਰੀਸ ਦੇਖਿਆ ਜਾ ਸਕਦਾ ਹੈ ਜਿਵੇਂ ਅਸੀਂ ਅੱਜ ਵੀ ਦੇਖਦੇ ਹਾਂ ਕਿ ਦੁਕਾਨਦਾਰ ਸਵੇਰੇ ਉਠ ਕੇ ਆਪਣੇ ਦੁਕਾਨ ਦੇ ਵੱਟਿਆਂ ਨੂੰ ਧੋ ਕੇ ਸਾਫ ਕਰਕੇ ਉਨ੍ਹਾਂ ਦੀ ਧੂਫ਼ ਬੱਤੀ ਕਰਦਾ ਹੈ। ਡਰਾਈਵਰ ਬਸ ਜਾਂ ਹੋਰ ਗੱਡੀ ਚਲਾਉਣ ਸਮੇਂ ਪਹਿਲਾਂ ਉਸ ਨੂੰ ਮੱਥਾ ਟੇਕਦਾ ਹੈ। ਮਿਸਤਰੀ ਆਪਣੇ ਸੰਦਾਂ ਨੂੰ ਸਾਫ ਕਰਕੇ ਧੂਪ ਬੱਤੀ ਦਿੰਦਾ ਹੈ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਇਸ ਵਿਚ ਮਾਨਾ ਦਾ ਵਾਸਾ ਹੈ ਤੇ ਇਸ ਨੂੰ ਖੁਸ਼ ਰੱਖਣ ਨਾਲ ਹੀ ਆਪਣੇ ਕੰਮ ਵਿਚ ਮੁਹਾਰਤ ਹਾਸਲ ਕੀਤੀ ਜਾ ਸਕਦੀ ਹੈ ਤੇ ਆਪਣੀ ਜਾਨ ਦੀ ਰੱਖਿਆ ਕੀਤੀ ਜਾ ਸਕਦੀ ਹੈ। ਅੱਜ ਵਿਗਿਆਨ ਦੇ ਇੰਨੀ ਤਰੱਕੀ ਕਰਨ ਦੇ ਬਾਵਜੂਦ ਵੀ ਜਦੋਂ ਰਾਕਟ ਪੁਲਾੜ ਵਿਚ ਦਾਗੇ ਜਾਂਦੇ ਹਨ ਤਾਂ ਇਸ ਤੋਂ ਪਹਿਲਾਂ ਪੂਜਾ ਪਾਠ ਇਸ ਲਈ ਕੀਤਾ ਜਾਂਦਾ ਹੈ ਤਾਂ ਕਿ ਸਾਰਾ ਪ੍ਰੋਗਰਾਮ ਨਿਰਵਿਘਨ ਸਿਰੇ ਚੜ੍ਹ ਜਾਵੇ। ਨਵੇਂ ਬਣੇ ਘਰਾਂ ਵਿਚ ਗ੍ਰਹਿ ਪ੍ਰਵੇਸ਼ ਤੋਂ ਪਹਿਲਾਂ ਪੂਜਾ ਪਾਠ ਕੀਤਾ ਜਾਂਦਾ ਹੈ। ਅਜਿਹਾ ਸਭ ਪ੍ਰਾਚੀਨ ਮਨੁੱਖ ਦੇ ਮਾਨਾ ਸ਼ਕਤੀ ਦੇ ਪ੍ਰਭਾਵ ਸਦਕਾ ਹੀ ਹੈ। ਅੱਜ ਵੀ ਅਸੀਂ ਆਪਣੇ ਹਰ ਸੰਸਕਾਰ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਉਸ ਦੀ ਸ਼ੁਰੂਆਤ ਧਾਰਮਿਕ ਕਰਮ ਨਾਲ ਕਰਦੇ ਹਾਂ ਭਾਵੇਂ ਉਹ ਸੰਸਕਾਰ ਘਰੇਲੂ ਹੋਵੇ ਜਾਂ ਸਮਾਜਿਕ। ਇਸ ਤਰ੍ਹਾਂ ਇਹ ਪੁਰਾਤਨ ਸੰਸਕਾਰ ਵਕਤ ਦੇ ਨਾਲ-ਨਾਲ ਸਾਡੇ ਨਾਲ ਤੁਰਦੇ ਆ ਰਹੇ ਹਨ ਤੇ ਮਨੁੱਖੀ ਫਿਤਰਤ ਵਿਚ ਆਪਣੀ ਥਾਂ ਬਣਾਈ ਬੈਠੇ ਹਨ। ਧਾਰਮਿਕ ਸੰਸਕਾਰਾਂ ਅਤੇ ਵਿਸ਼ਵਾਸਾਂ ਦਾ ਸਫਰ ਇਸ ਤਰ੍ਹਾਂ ਕਾਰਜਸ਼ੀਲ ਰਹਿੰਦਾ ਹੈ।

### 1.3.4 ਐਨੀਮਿਜ਼ਮ (Animism)

ਐਨੀਮਿਜ਼ਮ ਲਾਤੀਨੀ ਸ਼ਬਦ ਐਨੀਮਾ (Anima) ਤੋਂ ਜਿਸ ਦੇ ਅਰਥ 'ਆਤਮਾ ਜਾਂ ਰੂਹ' ਹਨ, ਨਿਕਲਿਆ ਹੈ।ਧਰਮ ਅਤੇ ਸਦਾਚਾਰ ਸ਼ਾਸਤਰ ਦਾ ਵਿਸ਼ਵਕੋਸ਼ ਲਿਖਦਾ ਹੈ : ਉਹ ਸਿਧਾਂਤ ਜਿਨ੍ਹਾਂ ਅਨੁਸਾਰ ਮਨੁੱਖੀ ਜੀਵਨ ਅਜਿਹੀ ਸ਼ਕਤੀ ਉਪਰ ਆਧਾਰਤ ਹੈ ਜਿਹੜੀ ਵਸਤਾਂ ਤੋਂ ਸੁਤੰਤਰ ਹੈ ਐਨੀਮਿਜ਼ਮ ਹੈ। ਧਰਮ ਦੇ ਇਤਿਹਾਸ ਦੇ ਦ੍ਰਿਸ਼ਟੀਕੋਣ ਤੋਂ ਇਸ ਪਰਿਭਾਸ਼ਾਂ ਦਾ ਖੇਤਰ ਬੜਾ ਵਿਸ਼ਾਲ ਹੋ ਜਾਂਦਾ ਹੈ। ਵਸਤਾਂ ਤੋਂ ਉਪਰ ਉਨ੍ਹਾਂ ਵਸਤਾਂ ਦੀ ਰੂਹ ਹੈ। ਐਨੀਮਿਜ਼ਮ ਦਾ ਅਧਿਐਨ ਹੇਠ ਲਿਖੇ ਪੱਖਾਂ ਤੋਂ ਕੀਤਾ ਗਿਆ ਹੈ:

1. ਮਨੁੱਖਾਂ ਅਤੇ ਜੀਵਾਂ ਦੀਆਂ ਰੂਹਾਂ ਦੀ ਪੂਜਾ। ਮੁਰਦਿਆਂ ਦੀਆਂ ਰੂਹਾਂ ਦੀ ਪੂਜਾ ਵੀ ਇਸ ਵਿੱਚ ਸ਼ਾਮਲ ਹੈ।
2. ਉਨ੍ਹਾਂ ਰੂਹਾਂ ਦੀ ਪੂਜਾ ਜੋ ਕਦੀ ਦਿਸਦੀਆਂ ਨਹੀਂ ਭਾਵ ਮਨੁੱਖਾਂ ਅਤੇ ਜੀਵਾਂ ਨਾਲ ਜਿਨ੍ਹਾਂ ਦਾ ਸਬੰਧ ਨਹੀਂ।
3. ਉਨ੍ਹਾਂ ਰੂਹਾਂ ਦੀ ਪੂਜਾ ਜਿਹੜੀਆਂ ਕੁਦਰਤ ਨੂੰ ਚਲਾਉਂਦੀਆਂ ਹਨ ਜਾਂ ਕੁਦਰਤ ਦੇ ਨੇਮਾਂ ਵਿਚ ਦਖਲ ਦਿੰਦੀਆਂ ਹਨ।

ਸੋ ਐਨੀਮਿਜ਼ਮ ਸੰਸਾਰ ਵਿਚ ਵਾਪਰਦੀਆਂ ਘਟਨਾਵਾਂ ਨੂੰ ਬੋਧਿਕ ਢੰਗ ਰਾਹੀਂ ਸਮਝਣ ਦਾ ਯਤਨ ਹੈ। ਇਹ ਦਰਸ਼ਨ ਸੰਸਾਰ ਦੇ ਉਨ੍ਹਾਂ ਸਭ ਲੋਕਾਂ ਵਿੱਚ ਬੜਾ ਹਰਮਨ ਪਿਆਰਾ ਹੈ ਜਿਨ੍ਹਾਂ ਦਾ ਅਜੇ ਵਿਕਾਸ ਨਹੀਂ ਹੋਇਆ। ਹਰ ਸਮੱਸਿਆ ਦਾ ਹੱਲ ਕਿਸੇ ਵਿਸ਼ੇਸ਼ ਸੰਸਕਾਰ ਦੀ ਪੂਜਾ ਨਾਲ ਜੁੜਿਆ ਹੋਇਆ ਹੈ। ਹੁਣ ਤੱਕ ਇਹ ਲੋਕ ਧਰਮ (Folk Religion) ਦਾ ਮਹੱਤਵਪੂਰਨ ਭਾਗ ਹੈ।

ਐਨੀਮਿਜ਼ਮ ਅਨੁਸਾਰ ਪੱਥਰਾਂ, ਤਾਰਿਆਂ, ਪਾਣੀ, ਅੱਗ, ਬੱਦਲ ਸਾਰੇ ਸਜੀਵ ਹਨ। ਕੇਵਲ ਜੀਵ ਹੀ ਜਾਨਦਾਰ ਹੋਣ ਅਜਿਹੀ ਗੱਲ ਨਹੀਂ। ਸੰਸਾਰ ਦਾ ਹਰ ਕਣ ਸਜੀਵ ਹੈ। ਇਹੀ ਕਾਰਣ ਹੈ ਕਿ ਹਰ ਵਸਤੂ ਨੂੰ ਲਿੰਗ ਅਤੇ ਰੁਤਬਾ ਦਿੱਤਾ ਹੋਇਆ ਹੈ। ਧਰਤੀ ਇਸਤਰੀ ਲਿੰਗ ਹੈ, ਮਾਤਾ ਹੈ। ਸੂਰਜ ਪੁਲਿੰਗ ਹੈ। ਚੰਦਰਮਾ ਨੂੰ ਸੂਰਜ ਦੀ ਪਤਨੀ ਮੰਨਿਆ ਗਿਆ ਜਿਸ ਕਰਕੇ ਬਹੁਤੀਆਂ ਪ੍ਰਾਚੀਨ ਭਾਸ਼ਾਵਾਂ ਵਿਚ ਇਹ ਇਸਤਰੀ ਲਿੰਗ ਹੈ।

ਤਾਰੇ ਸਾਡੇ ਲਈ ਸ਼ੁਭ ਜਾਂ ਅਸ਼ੁੱਭ ਹਨ। ਦਰਿਆ ਪਵਿੱਤਰ ਹਨ। ਇਸੇ ਲਈ ਗੰਗਾ ਨੂੰ ਸ੍ਰੀ ਗੰਗਾ ਜੀ ਅਤੇ ਜਮਨਾ ਨੂੰ ਸ੍ਰੀ ਜਮਨਾ ਜੀ ਆਖਿਆ ਜਾਂਦਾ ਹੈ। ਕੁਝ ਪਰਬਤਾਂ ਦੀਆਂ ਚੋਟੀਆਂ ਪਵਿੱਤਰ ਹਨ ਜਿਵੇਂ ਗੌਰੀਸ਼ੰਕਰ ਆਦਿ।

ਵਾਸਤਵ ਵਿਚ ਐਨੀਮਿਜ਼ਮ ਵੱਖ-ਵੱਖ ਵਸਤਾਂ ਵਿਚ ਵੱਖ-ਵੱਖ ਰੂਹਾਂ ਨਹੀਂ ਦੇਖਦਾ। ਇਕੋ ਸਰਬ ਵਿਆਪਕ ਰੂਹ ਸਭ ਵਸਤਾਂ ਵਿਚ ਮੌਜੂਦ ਹੈ।ਇਸ ਵਿਸ਼ਵਾਸ ਵਿਚੋਂ ਸਮੂਹਕ ਜ਼ਿੰਮੇਵਾਰੀ ਜਾਂ ਧੜੇਬੰਦੀ ਦਾ ਮੁੱਢ ਬੱਝਾ। ਚੀਨ ਵਿੱਚ ਕੋਈ ਬੰਦਾ ਅਪਰਾਧ ਕਰਦਾ ਸੀ ਤਾਂ ਉਸਦੀ ਸਜ਼ਾ ਉਸ ਦੇ ਮਰ ਚੁੱਕੇ ਪਿੱਤਰਾਂ ਨੂੰ ਅਤੇ ਸੰਤਾਨ ਨੂੰ, ਸਭ ਉੱਤਰਅਧਿਕਾਰੀਆਂ ਨੂੰ ਮਿਲਦੀ। ਇਥੋਂ ਤਕ ਕਿ ਕਈ ਵਾਰ ਗਵਾਂਢੀਆਂ ਨੂੰ ਸਜ਼ਾ ਵੀ ਦਿੱਤੀ ਜਾਂਦੀ ਸੀ। ਕਿਉਂਕਿ ਅਪਰਾਧ ਦੀ ਜ਼ਿੰਮੇਵਾਰੀ ਥੋੜੀ ਬਹੁਤ ਸਭ ਉੱਤੇ ਹੈ। ਸਰਕਾਰਾਂ ਟੈਕਸ ਉਗਰਾਹੁਣ ਦੀ ਜ਼ਿੰਮੇਵਾਰੀ ਜਿਸ ਉਪਰਲੀ ਸ਼੍ਰੇਣੀ ਨੂੰ ਸੌਂਪਦੀਆਂ ਸਨ ਜੇ ਕਿਤੇ ਉਗਰਾਹੀ ਨਾ ਹੁੰਦੀ ਤਾਂ ਹੇਠਲਿਆਂ ਦੀ ਬਜਾਇ ਉਪਰਲਿਆਂ ਨੂੰ ਸਜ਼ਾ ਦਿੱਤੀ ਜਾਂਦੀ।

ਇਨ੍ਹਾਂ ਵਿਸ਼ਵਾਸਾਂ ਨੇ ਬੜੀਆਂ ਵਚਿੱਤਰ ਕਹਾਣੀਆਂ ਨੂੰ ਜਨਮ ਦਿੱਤਾ। ਧਨ ਦੇਵਤਾ ਦਾ ਪੁੱਤਰ ਸੱਪ। ਚੰਨ ਦਾ ਪੁੱਤਰ ਖਰਗੋਸ਼ ਹੈ। ਪੰਜਾਹ ਸਾਲ ਦੀ ਲੂਮੜੀ ਇਕ ਬੁੱਢੀ ਦਾ ਭੇਸ ਵਟਾ ਸਕਦੀ ਹੈ। ਸੋ ਸਾਲ ਦੀ ਉਮਰ ਵਿਚ ਇਹ ਬੜੀ ਸੁਹਣੀ ਕੁੜੀ ਬਣ ਸਕਦੀ ਹੈ, ਜੋ ਆਪਣੇ-ਪ੍ਰੇਮੀਆਂ ਲਈ ਬੜੀ ਖਤਰਨਾਕ ਸਾਬਤ ਹੁੰਦੀ ਹੈ। ਹਜ਼ਾਰ ਸਾਲ ਦੀ ਉਮਰ ਵਿਚ ਜੇ ਕਿਤੇ ਇਸ ਲੂਮੜੀ ਨੂੰ ਆਪਣੇ ਆਕਾਰ ਦੀ ਮਨੁੱਖੀ ਖੋਪੜੀ ਲਭ ਜਾਵੇ ਤਾਂ ਇਹ ਪਰੇਤ ਬਣ ਜਾਂਦੀ ਹੈ।

ਰੂਹਾਂ ਸਰੀਰ ਵਿੱਚ ਵੀ ਵਿਚਰਦੀਆਂ ਹਨ ਤੇ ਸਰੀਰਾਂ ਤੋਂ ਬਾਹਰ ਵੀ। ਮਲਾਇਆ ਦੇ ਸੀਮਾਂਗ ਲੋਕਾਂ ਦਾ ਖਿਆਲ ਹੈ ਕਿ ਹਰ ਆਤਮਾ ਦੀ ਸ਼ਕਲ ਵੱਖ-ਵੱਖ ਹੈ। ਮਨੁੱਖੀ ਆਤਮਾ ਦੀ ਸ਼ਕਲ ਮਨੁੱਖ ਵਰਗੀ ਹੀ ਹੁੰਦੀ ਹੈ ਪਰ ਇਸ ਦਾ ਰੰਗ ਲਾਲ ਹੁੰਦਾ ਹੈ ਜਦੋਂ ਸਾਨੂੰ ਸੁਪਨਾ ਆਉਂਦਾ ਹੈ ਉਦੋਂ ਆਤਮਾ ਸਰੀਰ ਵਿਚੋਂ ਬਾਹਰ ਨਿਕਲ ਕੇ ਇੱਧਰ ਉੱਧਰ ਭਰਮਣ ਕਰਦੀ ਹੈ। ਜੋ ਕੁਝ ਸੁਪਨੇ ਵਿਚ ਦਿਸਦਾ ਹੈ ਉਹ ਸਭ ਸੱਚ ਹੁੰਦਾ ਹੈ। ਜਾਪਾਨ ਦੇ ਲੋਕਾਂ ਦਾ ਇਹੀ ਮਤ ਹੈ ਕਿ ਕੁਝ ਆਤਮਾਵਾਂ ਚੰਗੀਆਂ ਹੁੰਦੀਆਂ ਹਨ ਕੁਝ ਮੰਦੀਆਂ। ਜਿੰਨ ਭੂਤ ਦਿਨ ਵੇਲੇ ਧਰਤੀ ਵਿਚ ਲੁਕੇ ਰਹਿੰਦੇ ਹਨ, ਰਾਤ ਨੂੰ ਬਾਹਰ ਨਿਕਲ ਆਉਂਦੇ ਹਨ। ਟਰਾਵਨਕੋਰ ਇੰਡੋਨੇਸ਼ੀਆ, ਦੱਖਣੀ ਅਫਰੀਕਾ ਅਤੇ ਫਿਨਲੈਂਡ ਦੇ ਅਸੱਭਿਆ ਕਬੀਲੇ ਇਨ੍ਹਾਂ ਆਤਮਾਵਾਂ ਦੀ ਪੂਜਾ ਕਰਦੇ ਹਨ ਅਤੇ ਫਲ ਆਦਿਕ ਸੁਗਾਤਾਂ ਇਨ੍ਹਾਂ ਨੂੰ ਖੁਸ਼ ਕਰਨ ਲਈ ਭੇਂਟ ਕਰਦੇ ਹਨ।

ਭਾਰਤੀਆਂ ਵਿਚ ਹੁਣ ਤੱਕ ਛਲੇਡਾ ਮਿੱਥ ਪ੍ਰਸਿੱਧ ਹੈ। ਇਹ ਅਜਿਹੀ ਵੱਚਿਤਰ ਰੂਹ ਹੈ ਜਿਹੜੀ ਪਲ ਪਲ ਮਨ ਇੱਛਿਤ ਸ਼ਕਲ ਵਟਾਉਂਦੀ ਹੈ ਅਤੇ ਮੁਸਾਫਰਾਂ ਨਾਲ ਧੋਖਾ ਕਰਦੀ ਹੈ। ਹੁਣੇ ਇਹ ਖਰਗੋਸ਼ ਸੀ ਤੇ ਥੋੜੀ ਦੂਰ ਜਾ ਕੇ ਇਸਤਰੀ ਬਣ ਗਿਆ। ਕਦੀ ਸੋਨੇ ਦਾ ਸਿੱਕਾ ਬਣ ਜਾਂਦਾ ਹੈ ਕਦੀ ਕੌੜੀ। ਪੰਜਾਬੀ ਦੀਆਂ ਲੋਕ ਕਹਾਣੀਆਂ ਵਿਚ ਛਲੇਡੇ ਦਾ ਬੜਾ ਜ਼ਿਕਰ ਆਇਆ ਹੈ। ਰਮਾਇਣ ਦੀ ਕਥਾ ਵਿੱਚ ਵੀ ਸੀਤਾ ਜੀ ਵਲੋਂ ਸੋਨੇ ਦਾ ਹਿਰਨ ਦੇਖ ਕੇ ਰਾਮ ਚੰਦਰ ਜੀ ਨੂੰ ਉਸ ਦਾ ਸ਼ਿਕਾਰ ਕਰਕੇ ਲਿਆਉਣ ਲਈ ਆਖਣਾ ਵੀ ਇਸੇ ਪ੍ਰਕਾਰ ਦੀ ਕਲਪਣਾ ਹੈ ਕਿਉਂਕਿ ਇਹ ਵਾਸਤਵ ਵਿਚ ਰਾਵਣ ਦੀ ਹੀ ਚਾਲ ਸੀ ਕਿ ਸ੍ਰੀ ਰਾਮ ਜੀ ਜੰਗਲ ਵਿਚ ਜਾਣਗੇ ਤਾਂ ਉਹ ਸੀਤਾ ਨੂੰ ਚੁੱਕ ਲਿਜਾਵੇਗਾ। ਉਹ ਹਰਨ ਅਲੋਪ ਹੋ ਗਿਆ ਤੇ ਰਾਵਣ ਸਾਧੂ ਬਣ ਕੇ ਸੀਤਾ ਦੀ ਕੁਟੀਆ ਅਗੇ ਭਿਖਿਆ ਲੈਣ ਹਿਤ ਆ ਗਿਆ।

ਇਕ ਹਜ਼ਾਰ ਸਾਲ ਦੀ ਉਮਰ ਬਾਦ ਮੱਕੜੀ ਜਲਪਰੀ ਹੋ ਜਾਂਦੀ ਹੈ ਸੋ ਸਾਲ ਬਾਦ ਚਮਗਿੱਦੜ ਬਣ ਜਾਂਦਾ ਹੈ ਤੇ ਸੌ ਸਾਲ ਚਮਗਿੱਦੜ ਦੀ ਉਮਰ ਭੋਗਣ ਬਾਦ ਅਬਾਬੀਲ ਹੋ ਜਾਂਦਾ ਹੈ। ਸੋ ਸਾਲ ਦੀ ਉਮਰ ਭੋਗ ਕੇ ਸੱਪ ਇਛਿਆਧਾਰੀ ਹੋ ਜਾਂਦਾ ਹੈ, ਭਾਵ ਜੋ ਚਾਹੇ ਸ਼ਕਲ ਅਖਤਿਆਰ ਕਰ ਸਕਦਾ ਹੈ। ਜਦੋਂ ਇੱਕ ਜੀਵ ਨਿਸ਼ਚਿਤ ਉਮਰ ਭੋਗ ਕੇ ਦੂਜੇ ਜੀਵ ਦੀ ਸ਼ਕਲ ਵਿਚ ਤਬਦੀਲ ਹੋਣ ਦੀ ਕ੍ਰਿਆ ਵਿੱਚ ਹੁੰਦਾ ਹੈ ਜੇ ਉਸ ਨੂੰ ਉਦੋਂ ਫੜ ਕੇ ਖਾਅ ਲਿਆ ਜਾਵੇ ਤਾਂ ਮਨੁੱਖ ਅਮਰ ਹੋ ਜਾਂਦਾ ਹੈ। ਸਿਰਫ ਪਸ਼ੂ ਪੰਛੀ ਹੀ ਨਹੀਂ ਰੁੱਖ ਵੀ

ਅਜਿਹਾ ਹੀ ਵਰਤਾਉ ਕਰਦੇ ਹਨ। ਕੇਲੇ ਦਾ ਬਿਰਖ ਇਕ ਹਜ਼ਾਰ ਸਾਲ ਦੀ ਉਮਰ ਪੂਰੀ ਕਰ ਲਵੇ ਤਾਂ ਨੀਲੇ ਰੰਗ ਦੀ ਬਕਰੀ ਬਣ ਜਾਂਦਾ ਹੈ। ਮੰਦਰ ਦੇ ਅਹਾਤੇ ਵਿਚ ਉਗੇ ਹੋਏ ਬੋਹੜ ਦੇ ਰੁੱਖ ਨੂੰ ਜੇ ਕੱਟ ਦਿੱਤਾ ਜਾਵੇ ਤਾਂ ਉਹ ਨੀਲੇ ਰੰਗ ਦੀ ਮੱਝ ਬਣ ਜਾਂਦਾ ਹੈ। ਪਰੀਆਂ ਤਿਤਲੀਆਂ ਬਣ ਕੇ ਉੱਡਦੀਆਂ ਰਹਿੰਦੀਆਂ ਹਨ। ਕੁਝ ਜਾਦੂਗਰ ਚੌਲਾਂ ਦੀ ਮੁੱਠੀ ਹਵਾ ਵਿਚ ਸੁੱਟ ਦਿੰਦੇ ਹਨ ਤਾਂ ਮਧੂ ਮੱਖੀਆਂ ਬਣ ਜਾਂਦੀਆਂ ਹਨ। ਸਾਧੂ ਇਕ ਚੱਦਰ ਉਤੇ ਬੈਠ ਜਾਂਦੇ ਹਨ। ਚੱਦਰ ਉਨ੍ਹਾਂ ਨੂੰ ਚੁੱਕਕੇ ਉੱਡ ਜਾਂਦੀ ਹੈ ਤੇ ਮਨ ਚਾਂਹੇ ਥਾਂ ਉੱਤੇ ਲੈ ਜਾਂਦੀ ਹੈ। ਇਸ ਚਾਦਰ ਦਾ ਘੋੜਾ ਵੀ ਬਣ ਸਕਦਾ ਹੈ ਅਤੇ ਹੰਸ ਵੀ।

ਹੁਣ ਤਕ ਅਜਿਹੇ ਪਰਿਵਾਰ ਸਾਡੇ ਦੇਸਾਂ ਵਿਚ ਮੌਜੂਦ ਹਨ ਜਿਹੜੇ ਕਬੀਲੇ ਦਾ ਜਨਮ ਕਿਸੇ ਖਾਸ-ਪਸ਼ੂ ਪੰਛੀ ਤੋਂ ਹੋਇਆ ਮੰਨਦੇ ਹਨ। ਬਾਜ਼, ਸ਼ੇਰ, ਬਿੱਛੂ, ਮੋਰ, ਹੰਸ, ਨੀਲ ਕੰਠ ਆਦਿਕ ਜੀਵ ਕਈ ਕਬੀਲਿਆਂ ਵਿਚ ਇਸੇ ਗੱਲ ਕਰਕੇ ਸਤਿਕਾਰੇ ਜਾਂਦੇ ਹਨ। ਇਨ੍ਹਾਂ ਜੀਵਾਂ ਦੇ ਆਕਾਰ (ਫੋਟੋ) ਸਰੀਰ ਉਤੇ ਖੁਣਵਾ ਲਏ ਜਾਂਦੇ ਹਨ ਤੇ ਸਮਝਿਆ ਜਾਂਦਾ ਹੈ ਕਿ ਅਜਿਹਾ ਕਰਨ ਨਾਲ ਬਦਰੂਹਾਂ ਦੂਰ ਰਹਿੰਦੀਆਂ ਹਨ ਕਿਉਂਕਿ ਬਜ਼ੁਰਗਾਂ ਦਾ ਇਹ ਨਿਸ਼ਾਨ ਸ਼ਕਤੀਸ਼ਾਲੀ ਹੈ। ਪੰਜਾਬ ਦੇ ਪਿੰਡਾਂ ਵਿਚ ਅਜੇ ਤੱਕ ਮਾਵਾਂ ਬੱਚਿਆਂ ਨੂੰ ਆਖਦੀਆਂ ਹਨ ਕਿ ਇਤਰ ਲਾ ਕੇ ਘਰੋਂ ਬਾਹਰ ਨਾ ਜਾਓ ਰੂਹਾਂ ਘੇਰ ਲੈਣਗੀਆਂ। ਮੱਥੇ ਉੱਤੇ ਕਾਲਾ ਟਿੱਕਾ ਬਦਰੂਹਾਂ ਨੂੰ ਪਰੇ ਰੱਖਦਾ ਹੈ। ਨਵੇਂ ਮਕਾਨ ਉੱਤੇ ਵੀ ਰੂਹਾਂ ਦਾ ਹੱਲਾ ਹੋ ਸਕਦਾ ਹੈ ਇਸ ਲਈ ਕਾਲਾ ਠੀਕਰਾ ਲਟਕਾਉਣਾ ਬੜਾ ਜ਼ਰੂਰੀ ਹੈ ਨਵੀਆਂ ਕਾਰਾਂ ਪਿੱਛੇ ਛਿੱਤਰ ਲਟਕਦੇ ਦੇਖੇ ਜਾ ਸਕਦੇ ਹਨ।

ਦਰਿਆਵਾਂ ਵਿਚੋਂ ਮੱਛੀਆਂ ਫੜਨ ਵਾਲੇ ਲੋਕ ਆਪਣੇ ਹੱਥਾ ਉੱਤੇ ਮਗਰਮੱਛ ਖੁਣਵਾ ਲੈਂਦੇ ਹਨ। ਇਹ ਦਰਸਾਉਣ ਲਈ ਕਿ ਉਨ੍ਹਾਂ ਦੇ ਵਡੇਰੇ ਵੀ ਮਗਰਮੱਛ ਸਨ ਇਸ ਲਈ ਮਗਰਮੱਛ ਉਨ੍ਹਾਂ ਨੂੰ ਕੁਝ ਨਹੀਂ ਆਖਣਗੇ। ਸੱਪ ਖੁਣਿਆ ਹੋਵੇ ਤਾਂ ਸੱਪ ਨਹੀਂ ਕੱਟਦਾ। ਚੀਨ ਦੇ ਲੋਕਾਂ ਦਾ ਵਿਸ਼ਵਾਸ ਹੈ ਕਿ ਹਰ ਮਨੁੱਖ ਦਾ ਪਿਛੋਕੜ ਕਿਸੇ ਕਬੀਲੇ ਨਾਲ ਜੁੜਿਆ ਹੋਇਆ ਹੈ ਤੇ ਕਬੀਲਾ ਕਿਸੇ ਬਿਰਛ ਜਾਂ ਪਸ਼ੂ ਪੰਛੀ ਦੀ ਸੰਤਾਨ ਹੈ। ਚੀਨ ਦੇ ਲੋਕ ਬੜੀਆਂ ਅਦਭੁਤ ਹੋਣੀਆਂ ਵਿਚ ਵਿਸ਼ਵਾਸ ਰੱਖਦੇ ਹਨ। ਚੀਨ ਦਾ ਜਿਹੜਾ ਬਾਦਸ਼ਾਹ ਚੀਨ ਤੇ ਹੁਆਂਗ 968 ਈਸਵੀ ਵਿਚ ਗੱਦੀ ਉਤੇ ਬੈਠਾ ਉਸ ਦਾ ਜਨਮ ਮਾਤਾ ਪਿਤਾ ਦੇ ਸੰਜੋਗ ਤੋਂ ਨਹੀਂ ਹੋਇਆ। ਉਸਦੀ ਮਾਂ ਨੂੰ ਇਕ ਰਾਤ ਸੁਪਨਾ ਆਇਆ ਕਿ ਉਸ ਨੇ ਚੰਦਰਮਾ ਖਾਅ ਲਿਆ ਹੈ। ਇਸ ਪ੍ਰਕਾਰ ਉਹ ਗਰਭਵਤੀ ਹੋ ਗਈ ਅਤੇ ਬੇਟੇ ਨੂੰ ਜਨਮ ਦਿੱਤਾ। ਜਾਪਾਨ ਵਿਚ ਅਜਿਹੀਆਂ ਕਥਾਵਾਂ ਹਨ ਕਿ ਬੇ-ਔਲਾਦ ਔਰਤ ਨੇ ਦਰਿਆ ਵਿਚ ਬੜਾ ਸੋਹਣਾ ਆੜੂ ਤੁਰਦਾ ਜਾਂਦਾ ਦੇਖਿਆ। ਉਸ ਨੇ ਆਪਣੇ ਖਾਵੰਦ ਨੂੰ ਕਿਹਾ ਕਿ ਆੜੂ ਕੱਢ ਕੇ ਲਿਆਵੇ। ਆੜੂ ਕੱਢਿਆ ਗਿਆ। ਵੱਡਾ ਸਾਰਾ ਆੜੂ ਜਦੋਂ ਉਹ ਖਾਣ ਲਈ ਕੱਟਣ ਲੱਗੇ ਤਾਂ ਵਿਚ ਗਿਟਕ ਦੀ ਥਾਂ ਅਤਿ ਸੁੰਦਰ ਬਾਲਕ ਸੀ। ਇਹ ਬਾਲਕ ਉਨ੍ਹਾਂ ਨੇ ਪਾਲਿਆ ਤੇ ਵੱਡਾ ਹੋ ਕੇ ਉਸ ਨੇ ਕਈ ਕਰਿਸ਼ਮੇ ਦਿਖਾਏ। ਕਿਸੇ ਸਾਧੂ ਨੇ ਬਾਂਝ ਔਰਤ ਨੂੰ ਫਲ ਖਾਣ ਲਈ ਦਿੱਤਾ ਤਾਂ ਉਹ ਗਰਭਵਤੀ ਹੋਈ, ਕਿਸੇ ਔਰਤ ਨੇ ਰਾਤ ਨੂੰ ਦੇਖਿਆ ਕਿ ਇਕ ਤਾਰਾ ਟੁੱਟ ਕੇ ਉਸਦੀ ਗੋਦ ਵਿਚ ਸਮਾਅ ਗਿਆ ਹੈ ਤੇ ਉਸਦੇ ਔਲਾਦ ਹੋਈ, ਅਜਿਹੀਆਂ ਕਥਾਵਾਂ ਐਨੀਮਿਜ਼ਮ ਦੀ ਪੈਦਾਵਾਰ ਹਨ।

ਜਿਸ ਮਨੁੱਖ ਨੂੰ ਮਾਰਨਾ ਚਾਹੁੰਦੇ ਹੋਵੋ, ਉਸਦਾ ਪੁਤਲਾ ਬਣਾ ਕੇ ਸਾੜ ਦਿਉ। ਉਹ ਮਨੁੱਖ ਮਰ ਜਾਵੇਗਾ, ਅਜਿਹਾ ਵਿਸ਼ਵਾਸ ਹੁਣ ਤੱਕ ਤੁਰਿਆ ਆਉਂਦਾ ਹੈ। ਜਾਲ ਨਾਲ ਇਕ ਲੋਹੇ ਦੀ ਨਿੱਕੀ ਜਿਹੀ ਮੱਛੀ ਬੰਨ੍ਹ ਕੇ ਜਾਲ ਪਾਣੀ ਵਿਚ ਸੁੱਟਣ ਨਾਲ ਵਧੇਰੇ ਮੱਛੀਆਂ ਫਸਦੀਆਂ ਹਨ।ਚਾਹ ਪਾਣੀ ਪੀਣ ਤੋਂ ਪਹਿਲਾਂ ਬਰਤਨ ਵਿਚੋਂ ਇਕ ਛਿੱਟਾ ਬਾਹਰ ਸੁੱਟ ਦੇਣਾ ਰੂਹਾਂ ਨੂੰ ਪ੍ਰਸੰਨ ਕਰਨ ਲਈ ਹੁੰਦਾ ਹੈ। ਬਾਂਝ ਔਰਤ ਦੇ ਪਰਛਾਂਵੇ ਤੋਂ ਗਰਭਵਤੀ ਔਰਤਾਂ ਨੂੰ ਬਚ ਕੇ ਰਹਿਣਾ ਚਾਹੀਦਾ ਹੈ। ਸੁੱਕੇ ਕੱਖਾਂ ਦੀ ਭਰੀ ਲੈ ਕੇ ਪੱਕੀ ਫਸਲ ਵਿਚੋਂ ਦੀ ਨਹੀਂ ਲੰਘਣਾ ਚਾਹੀਦਾ ਕਿਉਂਕਿ ਫਸਲ ਵਿਚੋਂ ਅਨਾਜ ਨਸ਼ਟ ਹੋ ਜਾਵੇਗਾ ਤੇ ਕੇਵਲ ਘਾਹ ਫੂਸ ਬਚੇਗਾ। ਮੁਰਦੇ ਨੂੰ ਦਫਨ ਕਰਨ ਤੋਂ ਬਾਅਦ ਤੁਰੰਤ ਘਰ ਨਹੀਂ ਆਉਣਾ ਚਾਹੀਦਾ। ਪਹਿਲੇ ਇਸ਼ਨਾਨ ਕਰਨਾ ਜ਼ਰੂਰੀ ਹੈ ਨਹੀਂ ਤਾਂ ਮੁਰਦਾ ਰੂਹ ਜਿਹੜੀ ਨਾਲ ਹੀ ਤੁਰੀ ਆਉਂਦੀ ਸੀ ਤੁਹਾਡੇ ਘਰ ਵਿਚ ਵਾਸਾ ਕਰ ਲਵੇਗੀ। ਪੁੰਨਦਾਨ ਅਤੇ

ਧਾਰਮਿਕ ਰਸਮਾਂ ਦੋਵੇਂ ਤਰਾਂ ਦੇ ਕਾਰਜ ਸ਼ੁਭ ਰੂਹਾਂ ਨੂੰ ਪ੍ਰਸੰਨ ਕਰਨ ਲਈ ਅਤੇ ਬਦਰੂਹਾਂ ਨੂੰ ਪਰ੍ਹੇ ਰੱਖਣ ਲਈ ਕੀਤੇ ਜਾਂਦੇ ਹਨ। ਇਸ ਤਰ੍ਹਾਂ ਮਨੁੱਖੀ ਮਨ ਵਿਚ ਪ੍ਰਕ੍ਰਿਤੀ, ਜੀਵ-ਜੰਤੂਆਂ ਬਨਸਪਤੀ ਆਦਿ ਸਬੰਧੀ ਅਨੇਕਾਂ ਧਾਰਮਿਕ ਵਿਸ਼ਵਾਸ ਪੈਦਾਂ ਹੁੰਦੇ ਰਹੇ ਹਨ।

ਐਨੀਮਿਜ਼ਮ ਦਾ ਸਿਧਾਂਤ ਪ੍ਰਸਿੱਧ ਧਰਮ ਸ਼ਾਸਤਰੀ ਈ.ਬੀ. ਟਾਈਲਰ (1832-1917) ਨੇ ਦਿੱਤਾ ਸੀ ਜੋ ਹੁਣ ਧਰਮ ਦੇ ਨਿਕਾਸ ਤੇ ਵਿਕਾਸ ਦਾ ਅਧਿਐਨ ਕਰਨ ਲਈ ਲਾਜ਼ਮੀ ਵਿਚਾਰਿਆ ਜਾਂਦਾ ਹੈ। ਡਾਰਵਿਨ ਅਤੇ ਹਰਬਰਟ ਸਪੈਂਸਰ ਵਿਕਾਸਵਾਦ ਦੇ ਸਿਧਾਂਤ ਦੇ ਹਾਮੀ ਸਨ ਜਿਸ ਸਿਧਾਂਤ ਅਨੁਸਾਰ ਆਰੰਭ ਵਿਚ ਇਕ ਸੈੱਲ ਵਾਲੇ ਸਾਦੇ ਜੀਵ ਸਨ ਜਿਨ੍ਹਾਂ ਤੋਂ ਬਹੁਸੈੱਲਾਂ ਵਾਲੇ ਅੱਜ ਦੇ ਗੁੰਝਲਦਾਰ ਸਰੀਰਧਾਰੀ ਜੀਵ ਹੋਂਦ ਵਿਚ ਆਏ। ਇਵੇਂ ਹੀ ਪੁਰਾਤਨ ਖਿਆਲ ਦਾ ਤੇ ਚਿੰਤਨ ਦਾ ਘੇਰਾ ਸਿੱਧਾ ਸਾਦਾ ਸੀ। ਸਪੈਂਸਰ ਤਾਂ ਇੱਥੋਂ ਤੱਕ ਆਖਦਾ ਸੀ ਕਿ ਪੁਰਾਤਨ ਮਨੁੱਖ ਸਾਧਾਰਨ ਸੀ। ਟਾਈਲਰ ਇਸ ਦ੍ਰਿਸ਼ਟੀਕੋਣ ਨਾਲ ਸਹਿਮਤ ਨਹੀਂ ਸੀ। ਉਸ ਨੇ ਪੁਰਾਣੇ ਸਮਿਆਂ ਦੇ ਮਨੁੱਖ ਦੀ ਬੁੱਧੀ ਦੀਆਂ ਅਨੇਕ ਅਜਿਹੀਆਂ ਵਚਿਤਰਤਾਈਆਂ ਉਲੀਕੀਆਂ ਜਿਹੜੀਆਂ ਅੱਜ ਦੇ ਮਨੁੱਖ ਦੀ ਬੁੱਧੀ ਨਾਲੋਂ ਵੀ ਵਧੇਰੇ ਜਟਿਲ ਸਨ। ਰੂਹਾਂ ਦੀ ਕਲਪਣਾ, ਕੋਈ ਸਾਧਾਰਣ ਜਿਹੀ ਬੱਚਿਆਂ ਦੀ ਖੇਡ ਨਹੀਂ ਸੀ। ਇਸ ਪਿਛੋਂ ਸਮਾਜ ਦੀ ਸਮੁੱਚੀ ਸੋਚ ਦਾ ਧੁਰਾ ਜੀਵਨ ਨੂੰ ਸਮਝਣ ਦੀ ਕੋਸ਼ਿਸ਼ ਵਿਚ ਘੁੰਮ ਰਿਹਾ ਹੈ। ਕਿਵੇ ' ਮੁਸੀਬਤਾਂ ਤੋਂ ਬਚੀਏ ਤੇ ਕਿਵੇਂ ਜੀਵਨ ਸੁਖੀ ਹੋਵੇ। ਰੂਹਵਾਦ ਦਾ ਤਾਣਾ ਪੇਟਾ ਇਸੇ ਸਮੱਸਿਆ ਵਿਚ ਉਲਝਿਆ ਹੋਇਆ ਹੈ।

### 1.3.5 ਟੋਟਮਿਜ਼ਮ

ਸਮਾਜ ਸ਼ਾਸਤਰ ਦੇ ਕੋਸ਼ (Dictionary of Sociology) ਵਿਚ ਟੋਟਮਿਜ਼ਮ ਦੀ ਪਰਿਭਾਸ਼ਾ ਇਹ ਦਿੱਤੀ ਹੈ:

''ਸਮਾਜ ਦੇ ਧਰਮ ਪ੍ਰਬੰਧ ਵਿਚ ਜਿਹੜੀਆਂ ਰਸਮਾਂ ਇਹ ਮੰਨ ਕੇ ਕੀਤੀਆਂ ਜਾਣ ਕਿ ਫਲਾਣਾ ਜਾਨਵਰ ਜਾਂ ਬਿਰਖ ਕਿਸੇ ਪਰਿਵਾਰ ਦਾ ਵਡੇਰਾ ਹੈ, ਟੋਟਮਿਜ਼ਮ ਅਖਵਾਉਂਦੀਆਂ ਹਨ। ਅਜਿਹੇ ਬਿਰਖ ਬੂਟੇ ਜਾਂ ਜਾਨਵਰ ਉਸ ਪਰਿਵਾਰ ਦੇ ਟੋਟਮ ਭਾਵ ਵਡੇਰੇ ਰਿਸ਼ਤੇਦਾਰ, ਪਿੱਤਰ ਹਨ। ਸੋ ਅਜਿਹੇ ਪਰਿਵਾਰ ਲਈ ਜਿਸਦਾ ਪਿੱਤਰ, ਭਾਵ ਟੋਟਮ ਪਿੱਪਲ ਹੋਵੇ ਉਸ ਲਈ ਪਿੱਪਲ ਕੇਵਲ ਇਕ ਰੁੱਖ ਮਾਤਰ ਨਾ ਰਿਹਾ। ਇਹ ਉਨ੍ਹਾਂ ਦਾ ਬਜੁਰਗ ਹੋ ਗਿਆ ਜਿਸ ਵਿਚੋਂ ਪਰਿਵਾਰ ਨੇ ਜਨਮ ਲਿਆ ਸੀ। ਇਸ ਬਿਰਖ ਨੂੰ ਕੱਟਣਾ ਉਸ ਪਰਿਵਾਰ ਲਈ ਪਾਪ ਹੈ। ਲੱਕੜਾਂ ਬਾਲਣੀਆਂ ਪਾਪ ਹਨ। ਟੋਟਮ ਬਿਰਖਾਂ ਦੇ ਫਲ ਖਾਣੇ ਅਤੇ ਟੋਟਮ ਜੀਵਾਂ ਦਾ ਮਾਸ ਕੱਟਣਾ ਤੇ ਖਾਣਾ ਵਰਜਿਤ ਹੈ।

ਡਾ. ਵਜ਼ੀਰ ਸਿੰਘ ਲਿਖਦੇ ਹਨ ਕਿ ਕਈ ਹਾਲਤਾਂ ਵਿਚ ਕਿਸੇ ਵਿਸ਼ੇਸ਼ ਵਸਤੂ ਦੀ ਬਜਾਏ, ਵਸਤੂ ਦੀ ਕਿਸਮ (ਜਾਤੀ ਜਾਂ ਸ਼੍ਰੇਣੀ) ਨੂੰ ਹੀ ਰਹੱਸਮਈ ਸ਼ਕਤੀ ਦਾ ਪ੍ਰਤੀਕ ਮੰਨ ਲਿਆ ਜਾਂਦਾ ਹੈ। ਅਮਰੀਕਾ ਦੇ ਕਈ ਆਦਿਵਾਸੀ ਕਬੀਲਿਆਂ ਵਿਚ ਇਸ ਕਿਸਮ ਦਾ ਵਿਸ਼ਵਾਸ ਪ੍ਰਚਲਿਤ ਹੈ। ਭਾਰਤੀ ਨੀਲਗਿਰੀ ਇਲਾਕੇ ਦੇ ਟੋਡਾ ਲੋਕ ਦੁੱਧ ਵਾਲੇ ਰੱਬ ਦੇ ਉਪਾਸਕ ਹਨ। ਉਨ੍ਹਾਂ ਦਾ ਦੇਵਤਾ ਦੋਧੀ ਹੈ ਤੇ ਮੱਝ ਨਸਲ ਨਾਲ ਜੁੜਿਆ ਹੋਇਆ ਹੈ। ਕਈ ਰਸਮਾਂ ਅਤੇ ਤਿਉਹਾਰਾਂ ਵਿੱਚ ਉਸ ਨੂੰ ਯਾਦ ਕੀਤਾ ਜਾਂਦਾ ਹੈ। ਟੋਟਮ ਅਨੁਸਾਰ ਕਬੀਲਿਆਂ ਦੇ ਆਪਸੀ ਰਿਸ਼ਤੇ ਕਾਇਮ ਹੁੰਦੇ ਹਨ। ਕਿਸੇ ਕਬੀਲੇ ਵਿਚ ਸਮਾਤੀ (ਸਗੋਤਰ) ਵਿਆਹ ਦਾ ਰਿਵਾਜ ਪ੍ਰਚੱਲਿਤ ਹੈ, ਕਿਸੀ ਵਿਚ ਕਬੀਲੇ ਜਾਂ ਗੋਤਰ ਤੋਂ ਬਾਹਰ ਦੇ ਵਿਆਹ ਦਾ ਟੋਟਮ ਭਾਈਚਾਰਾ ਨਿਯਮਾਵਲੀ ਕਾਇਮ ਕਰਦਾ ਹੈ ਜਿਸਦੀ ਪਾਬੰਦੀ ਸਾਰੇ ਮੈਂਬਰਾਂ ਲਈ ਜ਼ਰੂਰੀ ਹੈ। ਇਸ ਲਈ ਟੋਟਮ ਸਮਾਜਕ ਕਾਨੂੰਨ ਦੀ ਰੂਪ ਰੇਖਾ ਉਲੀਕਦਾ ਹੈ।

ਟੋਟਮ ਸ਼ਬਦ ਉੱਤਰੀ ਅਮਰੀਕਨ ਆਦਿਵਾਸੀਆਂ ਦਾ ਸ਼ਬਦ ਹੈ। ਉਜੀਬਵਾ ਬੋਲੀ ਵਿਚ ਇਸ ਦਾ ਅਰਥ ਹੈ-ਭੈਣ-ਭਰਾ ਦਾ ਰਿਸ਼ਤਾ। ਇਸ ਤੋਂ ਇਲਾਵਾ ਇਹ ਇਕ ਨਸਲ ਜਾਂ ਕਬੀਲੇ ਪਸ਼ੂ ਜਾਂ ਪੌਦੇ ਦੀ ਇਕ ਕਿਸਮ ਵਿਚਕਾਰਲੇ ਸੰਬੰਧਾਂ ਉਪਰ ਵਿਸ਼ਵਾਸ ਹੈ, ਜਿਨ੍ਹਾਂ ਫਿਰਕਿਆਂ ਵਿਚ ਜੀਵਪੂਜਾ (ਪਸ਼ੂ ਜਾਂ ਬਿਰਖ ਪੂਜਾ) ਸ਼ੁਰੂ ਹੋਈ ਉਥੇ ਇਹ ਮੰਨਿਆ ਗਿਆ ਹੈ ਕਿ ਉਸ ਪਸ਼ੂ ਜਾਂ ਬਿਰਖ ਨਾਲ ਪਰਿਵਾਰ ਦੇ ਸਬੰਧ ਅਲੌਕਿਕ ਹਨ ਅਤੇ ਆਦਿ

ਜੁਗਾਦੀ ਹਨ। ਭਾਵੇਂ ਇਨ੍ਹਾਂ ਫਿਰਕਿਆਂ ਵਿਚ ਖਾਸ ਬਿਰਖਾਂ ਅਤੇ ਪਸ਼ੂਆਂ ਨੂੰ ਮਾਰਨ ਦੀ ਮਨਾਈ ਹੈ ਪਰ ਵਿਸ਼ੇਸ਼ ਤਿਉਹਾਰਾਂ ਉੱਤੇ ਅਜਿਹੇ ਪਵਿੱਤਰ ਪਸ਼ੂਆਂ ਦੀ ਬਲੀ ਦੇਣੀ ਵੀ ਕੁਝ ਕਬੀਲਿਆਂ ਵਿਚ ਪ੍ਰਚੱਲਿਤ ਹੈ। ਬਲੀ ਦਿੱਤੇ ਜੀਵ ਦਾ ਮਾਸ ਪ੍ਰਸ਼ਾਦ ਵਜੋਂ ਖਾ ਲਿਆ ਜਾਂਦਾ ਹੈ ਪਰ ਅਜਿਹਾ ਸਾਲ ਵਿਚ ਕਦੀ ਕਦਾਈ ਹੀ ਹੁੰਦਾ ਹੈ ਤੇ ਬਲੀ ਦੇਣੀ ਪਵਿੱਤਰ ਰਸਮ ਮੰਨੀ ਜਾਂਦੀ ਹੈ। ਪੂਜੇ ਜਾਂਦੇ ਜੀਵ ਦੀ ਜਾਂ ਬਿਰਖ ਦੀ ਸਾਰੀ ਜਾਤੀ ਹੀ ਪੂਜਨੀਕ ਹੁੰਦੀ ਹੈ। ਭਾਵ ਕਿ ਜੇ ਕਬੀਲੇ ਦਾ ਟੋਟਮ ਕੇਲੇ ਦਾ ਬਿਰਖ ਹੈ ਤਾਂ ਸਾਰੀ ਦੁਨੀਆਂ ਵਿਚ ਉੱਗੇ ਕੇਲੇ ਦੇ ਬਿਰਖ ਪਵਿੱਤਰ ਹਨ।

ਜੀਵ ਪੂਜਾ ਫਿਰਕੇ ਆਸਟਰੇਲੀਆ, ਭਾਰਤ ਅਤੇ ਉੱਤਰੀ ਅਮਰੀਕਾ ਵਿੱਚ ਹਨ। ਭਾਰਤ ਵਿਚ ਨੀਲਗਿਰੀ ਇਲਾਕੇ ਦੀ, ਪਿੱਛੇ ਦੱਸੀ ਟੋਡਾ ਜਾਤੀ ਦਾ ਦੇਵਤਾ 'ਓਨ' (On) ਹੈ ਜਿਸਨੇ ਮੱਝਾਂ ਨੂੰ ਅਤੇ ਟੋਡਾ ਜਾਤੀ ਦੇ ਲੋਕਾਂ ਨੂੰ ਪੈਦਾ ਕੀਤਾ। ਟੋਡਾ ਲੋਕ ਗਵਾਲੇ ਹਨ, ਗਊਸ਼ਾਲਾ ਉਨ੍ਹਾਂ ਦਾ ਮੰਦਰ ਹੈ ਤੇ ਦੋਧੀ ਉਨ੍ਹਾਂ ਦਾ ਪ੍ਰੋਹਤ ਹੈ। ਕਦੀ ਕਦੀ ਕੱਟੇ ਦੀ ਕੁਰਬਾਨੀ ਦਿੰਦੇ ਹਨ। ਜਦੋਂ ਟੋਡ ਕਬੀਲੇ ਵਿਚ ਕਿਸੇ ਮੈਂਬਰ ਦੀ ਮੌਤ ਹੁੰਦੀ ਹੈ ਤਦ ਮੱਝ ਦੁਆਲੇ ਕਈ ਰਸਮਾਂ ਕੀਤੀਆਂ ਜਾਂਦੀਆਂ ਹਨ। ਵੈਣ ਵੀ ਮੱਝ ਦੇ ਹੀ ਪਾਏ ਜਾਂਦੇ ਹਨ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮਿਰਤਕ ਵਿਅਕਤੀ ਪਤਾਲ ਵਿੱਚ ਜਾਏਗਾ ਜਿਥੇ ਦੇਵਤਾ 'ਓਨ' ਦਾ ਰਾਜ ਹੈ।

ਆਸਟਰੇਲੀਆ ਵਿੱਚ ਤਾਂ ਇੱਕ ਟੋਟਮ ਦੇ ਮੈਂਬਰ ਆਪਸ ਵਿਚ ਸਕੇ ਭੈਣ ਭਰਾਵਾਂ ਵਰਗਾ ਰਿਸ਼ਤਾ ਸਵੀਕਾਰ ਕਰਦੇ ਹਨ। ਉਹ ਆਖਦੇ ਹਨ ਕਿ ਅਸੀਂ ਇੱਕੋ ਖ਼ੂਨ ਅਤੇ ਇਕ ਮਾਸ ਤੋਂ ਬਣੇ ਹੋਏ ਹਾਂ ਇਸ ਕਰਕੇ ਆਪੇ ਵਿੱਚ ਵਿਆਹ ਕਰਵਾਉਣਾ ਉਨ੍ਹਾਂ ਲਈ ਵਰਜਿਤ ਹੈ। ਆਪਣੇ ਟੋਟਮ ਦੇ ਵਾਧੇ ਵਾਸਤੇ ਉਹ ਪ੍ਰਾਰਥਨਾਵਾਂ ਕਰਦੇ ਹਨ। ਟੋਟਮਿਜ਼ਮ ਨੇ ਖਾਣ ਦਾ ਕੁਦਰਤੀ ਕੰਟਰੋਲ ਸਥਾਪਤ ਕਰਕੇ ਕੁਝ ਖਾਸ ਬਿਰਖਾਂ ਅਤੇ ਪਸ਼ੂਆਂ ਨੂੰ ਬਚਾਇਆ। ਸ਼ਾਇਦ ਪਸ਼ੂਆਂ ਦੀਆਂ ਕਈ ਨਸਲਾਂ ਅਲੋਪ ਹੀ ਹੋ ਜਾਂਦੀਆਂ ਜੇ ਉਹ ਕਿਸੇ ਵੀ ਕਬੀਲੇ ਦੀਆਂ ਟੋਟਮ ਨਾ ਹੁੰਦੀਆਂ।

ਪ੍ਰਾਚੀਨ ਕਬੀਲੇ ਦੂਸਰੇ ਕਬੀਲਿਆਂ ਪ੍ਰਤੀ ਬੜੇ ਹਿੰਸਕ ਹੁੰਦੇ ਹਨ। ਮਰਦਾਂ ਨੂੰ ਕਤਲ ਕਰ ਦੇਣਾ ਅਤੇ ਔਰਤਾਂ ਨੂੰ ਆਪਣੇ ਕਬੀਲੇ ਵਿਚ ਸ਼ਾਮਲ ਕਰ ਲੈਣ ਦਾ ਰੁਝਾਣ ਆਮ ਪ੍ਰਚਲਿਤ ਸੀ। ਟੋਟਮਿਜ਼ਮ ਨੇ ਇਸ ਹਿੰਸਕ ਰੁਝਾਣ ਨੂੰ ਵੀ ਘਟਾਇਆ। ਹੁਣ ਇੱਕ ਕਬੀਲਾ ਦੂਜੇ ਕਬੀਲੇ ਉਤੇ ਹਿੰਸਾ ਕਰਨ ਤੋਂ ਪਹਿਲਾਂ ਪਤਾ ਕਰਦਾ ਹੈ ਕਿ ਉਸ ਦਾ ਟੋਟਮ ਕਿਹੜਾ ਹੈ। ਜੇ ਹਮਲਾਵਾਰ ਦਾ ਟੋਟਮ ਵੀ ਉਹੀ ਹੁੰਦਾ ਤਾਂ ਫਿਰ ਉਹ ਆਪਣੇ ਭਰਾਵਾਂ ਉਤੇ ਹਮਲਾ ਕਰਨ ਨੂੰ ਪਾਪ ਸਮਝਦਾ, ਸਗੋਂ ਉਸ ਦੀ ਸਹਾਇਤਾ ਕਰਦਾ। ਸੰਸਾਰ ਦੇ ਹਰ ਭਾਗ ਵਿਚ ਪੁਰਾਤਨ ਸਮੇਂ ਹਰੇਕ ਕਬੀਲੇ ਦਾ ਕੋਈ ਨਾ ਕੋਈ ਟੋਟਮ ਹੁੰਦਾ ਸੀ ਤੇ ਇਸ ਪ੍ਰਕਾਰ ਸ਼ਾਇਦ ਹੀ ਕੋਈ ਜੀਵ ਜਾਂ ਬਿਰਖ ਬੂਟਾ ਅਜਿਹਾ ਬਚਿਆ ਹੋਵੇ ਜਿਹੜਾ ਕਿਸੇ ਵੀ ਕਬੀਲੇ ਦਾ ਟੋਟਮ ਨਾ ਹੋਵੇ।

ਜਿਵੇਂ ਜਿਵੇਂ ਸਭਿਅਤਾ ਦਾ ਵਿਕਾਸ ਹੋਇਆ, ਟੋਟਮਿਜ਼ਮ ਦੀ ਪ੍ਰਥਾ ਖਤਮ ਹੁੰਦੀ ਗਈ। ਹੁਣ ਬੜੇ ਘੱਟ ਕਬੀਲੇ ਜਾਂ ਫਿਰਕੇ ਅਜਿਹੇ ਹੋਣਗੇ ਜਿਹੜੇ ਪਸ਼ੂ ਜਾਂ ਰੁੱਖ ਦੇ ਰਿਸ਼ਤੇ ਨਾਲ ਆਪਣੇ ਆਪ ਨੂੰ ਜੋੜ ਕੇ ਉਨ੍ਹਾਂ ਦੇ ਰਿਸ਼ਤੇਦਾਰ ਦਸਦੇ ਹੋਣ। ਸਮਾਂ ਪਾ ਕੇ ਟੋਟਮ ਪਸ਼ੂਆਂ ਦਾ ਧੜ ਉਸੇ ਪਸ਼ੂ ਦਾ ਰਹਿ ਗਿਆ ਪਰ ਸਿਰ ਮਨੁੱਖ ਦਾ ਹੋ ਗਿਆ। ਕਾਮਧੇਨ ਗਊ ਦਾ ਸਿਰ ਔਰਤ ਦਾ ਹੈ। ਇਉ ਪਸ਼ੂ ਪਿਛੇ ਹਟਦਾ ਗਿਆ ਅਤੇ ਦੇਵਤਾ ਉੱਪਰ ਉੱਠਦਾ ਗਿਆ। ਇਕ ਪੜਾਅ ਅਜਿਹਾ ਆ ਗਿਆ ਕਿ ਪਸ਼ੂ ਪੰਛੀ ਦਾ ਟੋਟਮ ਵਿਸਰ ਗਿਆ ਅਤੇ ਉਸਦੀ ਥਾਂ ਦੇਵਤਾ ਪ੍ਰਧਾਨ ਹੋ ਗਿਆ। ਪਰ ਇਹ ਵੀ ਸੱਚ ਨਹੀਂ ਕਿ ਟੋਟਮਿਜ਼ਮ ਪੂਰੀ ਤਰ੍ਹਾਂ ਖਤਮ ਹੋ ਜਾਵੇਗਾ। ਆਧੁਨਿਕ ਸਮੇਂ ਵਿਚ ਆਦਿ ਵਾਸੀ ਵਰਗਾਂ ਵਿੱਚ ਤਾਂ ਟੋਟਮਿਜ਼ਮ ਪ੍ਰਚੱਲਿਤ ਹੈ ਹੀ ਅਤੇ ਵਿਕਸਿਤ ਸਮਾਜ ਵਿੱਚੋਂ ਵੀ ਇਹ ਪ੍ਰਥਾ ਅਲੋਪ ਨਹੀਂ ਹੋਈ। ਭਾਰਤੀ ਹਿੰਦੂ ਸਮਾਜ ਹੁਣ ਭਾਵੇਂ ਵਿਕਸਿਤ ਸਮਾਜ ਹੈ ਪਰ ਗਊ ਪੂਜਾ ਦੀ ਰਸਮ ਨਾ ਬੰਦ ਹੋਈ ਹੈ ਨਾ ਹੋਵੇਗੀ। ਮੱਝ ਭਾਵੇਂ ਵਧੇਰੇ ਦੁੱਧ ਦੇਵੇ, ਉਸਦਾ ਦੁੱਧ ਭਾਵੇਂ ਵਧੀਕ ਮੱਖਣ ਵਾਲਾ ਹੋਵੇ ਪਰ ਮੱਝ ਪਵਿੱਤਰ ਨਹੀਂ ਗਾਂ ਪਵਿੱਤਰ ਰਹੇਗੀ।

ਅਲੈਗਜ਼ੇਂਡਰ ਗੋਲਡਨਵੀਯਰ ਅਨੁਸਾਰ ਭਾਰਤ ਵਿਚ ਕੁੱਲ ਮੌਜੂਦ ਆਦਿਵਾਸੀ ਕਬੀਲਿਆਂ ਵਿੱਚੋਂ ਅੱਧੇ

ਟੋਟਮਪੂਜਕ ਹਨ। ਉੜੀਸਾ ਵਿਚ ਮਿਊਰਭੰਜ ਦੇ ਆਦਿਵਾਸੀ 'ਭੂਈਆ' ਹਨ। ਕਬੀਲੇ ਵਿਚ ਅੱਗੇ ਫਿਰ ਦੋ ਹੋਰ ਭਾਗ ਹਨ, ਇਕ ਸਾਂਦਲਾ ਹਨ ਦੂਜੇ ਬਾਰਦਲ। ਸਾਂਦਲ ਦੋ ਸ਼ਬਦਾਂ ਦੀ ਸੰਧੀ ਤੋਂ ਬਣਿਆ ਹੈ। ਸਾਨ (ਛੋਟਾ) ਅਤੇ ਦਲ (ਦਾਲ) ਛੋਟੇ ਦਾਣੇ ਦੀ ਦਾਲ। ਬਾਰ (ਵੱਡਾ) ਅਤੇ ਦਲ (ਦਾਲ) ਨੂੰ ਮਿਲਾ ਕੇ ਬਾਰਦਲ ਕਬੀਲਾ ਬਣਿਆ ਵੱਡੇ ਦਾਣੇ ਦੀ ਦਾਲ। ਇਸੇ ਤਰ੍ਹਾਂ ਕੋਮੇਸਤਾ ਕਬੀਲਾ ਇਕ ਨਿੱਕੇ ਪੰਛੀ ਨੂੰ ਪੂਜਦਾ ਹੈ। ਮਮਰ ਕਬੀਲਾ ਮਗਰਮੱਛ ਪੂਜਕ ਹੈ। ਨਗੇਸ ਲੋਕਾਂ ਦਾ ਪਿੱਤਰ ਨਾਗ ਹੈ। ਕਸ਼ਯਮ, ਕੱਛੂ ਦੀ ਪੂਜਾ ਕਰਦੇ ਹਨ, ਬਾਰਬ ਸੂਰ ਦੇ ਮੁਰੀਦ ਹਨ, ਮਧੁਰ ਲੋਕ ਮੋਰ ਦੇ, ਮੀਰ ਮੱਛੀ ਦੇ, ਵਤਸ਼ ਵੱਛੇ ਨੂੰ ਪੂਜਦੇ ਹਨ। ਇਹ ਇਨ੍ਹਾਂ ਵੱਖ-ਵੱਖ ਪ੍ਰਕਾਰ ਦੇ ਪਸ਼ੂ ਪੰਛੀਆਂ ਜਾਂ ਬਨਸਪਤੀ ਨੂੰ ਕਿਉਂ ਪੂਜਣ ਲੱਗ ਪਏ, ਕਿਸੇ ਨੇ ਇਨ੍ਹਾਂ ਨੂੰ ਦੱਸਿਆ ਕਿ ਇਨ੍ਹਾਂ ਦਾ ਵਡੇਰਾ ਕੌਣ ਹੈ, ਇਸ ਬਾਰੇ ਕਿਸੇ ਨੂੰ ਕੋਈ ਪਤਾ ਨਹੀਂ। ਸਿਰਫ ਮਿਥਿਹਾਸ ਹੈ-ਕਥਾ ਕਹਾਣੀਆਂ ਹਨ।

ਪੱਛਮੀ ਬੰਗਾਲ ਵਿਚ ਲਾਕੁਰ ਜ਼ਿਲੇ ਵਿਚ ਸ਼ਾਂਤਲ ਲੋਕ ਵਸਦੇ ਹਨ, ਉਨ੍ਹਾਂ ਵਿਚ ਸੁਪਾਰੀ ਖਾਣੀ ਵਰਜਿਤ ਹੈ। ਬੰਗਾਲ ਵਿਚ ਹੀ ਬੋਰਾ ਲੋਕ ਕੁੱਤੇ ਦੇ ਸ਼ਰਧਾਲੂ ਹਨ। ਉਹ ਕੁੱਤੇ ਨੂੰ ਸੋਟੀ ਮਾਰਨੀ ਤਾਂ ਕੀ, ਮੰਦਾ ਬੋਲਣਾ ਵੀ ਉਚਿਤ ਨਹੀਂ ਸਮਝਦੇ। ਇਹ ਲੋਕ ਮੁਰਗਾ ਖਾਅ ਲੈਂਦੇ ਹਨ। ਇਥੋਂ ਤੱਕ ਕਿ ਗਊ ਮਾਸ ਵੀ ਪਰ ਕੁੱਤੇ ਬਾਰੇ ਭੈੜਾਂ ਸੋਚਣਾ ਪਾਪ ਸਮਝਦੇ ਹਨ।ਬੰਗਾਲ ਦੇ ਖਰੀਆ ਲੋਕ ਕੱਚਾ ਮਾਸ ਅਤੇ ਜੰਗਲੀ ਬੂਟਿਆਂ ਦੀਆਂ ਜੜ੍ਹਾਂ ਖਾਂਦੇ ਹਨ ਪਰ ਉਨ੍ਹਾਂ ਲਈ ਭੇਡ ਪਵਿੱਤਰ ਹੈ। ਉਹ ਉੱਨ ਦੇ ਬਣੇ ਗਰਮ ਵਸਤਰ ਨਹੀਂ ਪਹਿਨਦੇ। ਅਜਿਹੀ ਗੱਦੀ ਉਤੇ ਨਹੀਂ ਬੈਠਦੇ ਜਿਹੜੀ ਉੱਨ ਦੀ ਬਣੀ ਹੋਈ ਹੋਵੇ। ਉਹ ਗਰੀਬ ਲੋਕ ਹਨ ਤੇ ਭਾਰ ਢੋਣ ਦਾ ਕੰਮ ਕਰਦੇ ਹਨ। ਜਿਸ ਬੰਦੇ ਦਾ ਉਨ੍ਹਾਂ ਨੇ ਸਮਾਨ ਢੋਣਾਂ ਹੋਵੇ ਪਹਿਲੋਂ ਪੁੱਛਦੇ ਹਨ ਕਿ ਸਮਾਨ ਵਿਚ ਉੱਨੀ ਵਸਤਰ ਤਾਂ ਨਹੀਂ? ਜੇ ਹਨ ਤਾਂ ਭਾਰ ਨਹੀਂ ਚੁੱਕਦੇ।

ਜੀਵ ਪੂਜਾ ਦੇ ਭਾਵੇਂ ਕਈ ਰੂਪ ਪ੍ਰਚਲਤ ਹਨ ਪਰ ਟੋਟਮਿਜ਼ਮ ਮੰਨਣ ਵਾਲੇ ਕਬੀਲਿਆਂ ਦੇ ਮੁੱਢ ਤੌਰ ਤੇ ਸਾਂਝੇ ਲੱਛਣ ਇਹ ਹਨ:

(1) ਕਬਾਇਲੀ ਆਪਣੇ ਆਪ ਨੂੰ ਆਪਣੇ ਟੋਟਮ ਦੀ ਸੰਤਾਨ ਸਮਝਦੇ ਹਨ।
(2) ਉਹ ਆਪਣੇ ਪੂਜਨੀਕ ਪਸ਼ੂ ਜਾਂ ਬਿਰਖ ਦਾ ਨੁਕਸਾਨ ਨਹੀਂ ਕਰਦੇ।
(3) ਕਿਉਂਕਿ ਉਹ ਇਕੋ ਟੋਟਮ ਦੀ ਸੰਤਾਨ ਹਨ ਇਸ ਕਰਕੇ ਆਪਸ ਵਿਚ ਉਨਾਂ ਦਾ ਭੈਣਾ ਭਰਾਵਾਂ ਦਾ ਰਿਸ਼ਤਾ ਹੈ। ਇਸੇ ਰਿਸ਼ਤੇ ਕਾਰਨ ਵਧੇਰੇ ਕਬੀਲੇ ਆਪਣੇ ਬੱਚਿਆਂ ਦੇ ਵਿਆਹ ਬਾਹਰਲੇ ਕਬੀਲੇ ਵਿਚ ਕਰਦੇ ਹਨ।
(4) ਵਿਆਹ ਦੀ ਰਸਮ ਉਤੇ ਕੁੜੀ ਜਿਸ ਕਬੀਲੇ ਵਿਚ ਆਉਂਦੀ ਹੈ ਉਸ ਕਬੀਲੇ ਦਾ ਟੋਟਮ ਉਸ ਲਈ ਪਵਿੱਤਰ ਹੋ ਜਾਂਦਾ ਹੈ, ਤੇ ਪੁਰਾਣੇ ਵਿਸ਼ਵਾਸ ਛੱਡ ਦਿੰਦੀ ਹੈ। ਇਸ ਵਾਸਤੇ ਵੱਖ-ਵੱਖ ਰੀਤਾਂ ਨਿਭਾਈਆਂ ਜਾਂਦੀਆਂ ਹਨ।
(5) ਇਨ੍ਹਾਂ ਲੋਕਾਂ ਦਾ ਵਿਸ਼ਵਾਸ ਹੈ ਕਿ ਜਿਸ ਜਾਨਵਰ ਨੂੰ ਇਹ ਆਪਣਾ ਪਿੱਤਰ ਮੰਨਦੇ ਹਨ ਉਹ ਉਨ੍ਹਾਂ ਦਾ ਨੁਕਸਾਨ ਨਹੀਂ ਕਰਦਾ। ਜੇ ਸ਼ੇਰ ਟੋਟਮ ਹੈ ਤਾਂ ਸ਼ੇਰ ਨੂੰ ਪਤਾ ਹੈ ਉਸਦੇ ਕਬੀਲੇ ਦੇ ਲੋਕ ਕੌਣ ਕੌਣ ਹਨ ਤੇ ਉਹ ਉਨ੍ਹਾਂ ਉੱਤੇ ਹਮਲਾ ਨਹੀਂ ਕਰੇਗਾ।
(6) ਕਬੀਲੇ ਦੇ ਲੋਕਾਂ ਵਿਚ ਅਤੇ ਉਨ੍ਹਾਂ ਦੇ ਪਿਤਰ ਟੋਟਮ ਵਿਚ ਇਕੋ ਜੀਵਨ ਧਾਰਾ ਦਾ ਪ੍ਰਵਾਹ ਚੱਲ ਰਿਹਾ ਹੈ।
(7) ਹਰ ਸਾਂਝੇ ਟੋਟਮ ਦਾ ਬੰਦਾ ਉਸ ਟੋਟਮ ਨੂੰ ਮੰਨਣ ਵਾਲੇ ਦਾ ਆਦਰ ਕਰੇਗਾ।

ਕਈ ਪ੍ਰਕਾਰ ਦੀਆਂ ਮਿਥ ਕਥਾਵਾਂ ਇਨ੍ਹਾਂ ਕਬੀਲਿਆਂ ਵਿਚ ਪ੍ਰਚਲਤ ਹਨ ਜੋ ਬੜੀਆਂ ਦਿਲਚਸਪ ਹਨ। ਕਟਾਂਗ ਕਬੀਲੇ ਵਾਲੇ ਲੋਕ ਬਾਂਸ ਦੇ ਬੂਟੇ ਵੱਢ ਕੇ ਟੋਕਰੀਆਂ ਪੱਖੇ ਅਤੇ ਹੋਰ ਸਾਜ ਸਮਾਨ ਬਣਾਇਆ ਕਰਦੇ। ਇਕ ਦਿਨ ਇਸ ਕਬੀਲੇ ਦੀ ਕੁੜੀ ਬਾਂਸ ਦੇ ਰੁੱਖ ਵੱਢਣ ਗਈ ਪਰ ਵਾਪਸ ਨਹੀਂ ਪਰਤੀ। ਉਸਦੀ ਜੰਗਲ

ਵਿਚ ਬਹੁਤ ਤਲਾਸ਼ ਕੀਤੀ ਗਈ। ਉਸ ਨੂੰ ਉੱਚੀ-ਉੱਚੀ ਆਵਾਜ਼ਾਂ ਮਾਰੀਆਂ ਗਈਆਂ ਤਾਂ ਉਹ ਜਵਾਬ ਦੇਂਦੀ ਪਰ ਦਿਸਦੀ ਨਾ। ਕਬੀਲਾ ਵਾਸੀ ਉਸ ਨੂੰ ਲੱਭ-ਲੱਭ ਕੇ ਥੱਕ ਗਏ। ਉਸਦੀ ਆਵਾਜ਼ ਸੁਣਦੇ ਫਿਰ ਤਲਾਸ਼ ਕਰਦੇ ਪਰ ਉਹ ਨਾ ਮਿਲੀ। ਤਦ ਕਿਸੇ ਸਿਆਣੇ ਨੇ ਉਨ੍ਹਾਂ ਨੂੰ ਦੱਸਿਆ ਕਿ ਵਾਸਤਵ ਵਿਚ ਬਾਂਸ ਤੁਹਾਡਾ ਪਿਤਰ ਹੈ। ਤੁਸੀ ਇਸ ਨੂੰ ਮੰਨਣ ਤੋਂ ਹਟ ਗਏ ਇਸ ਕਰਕੇ ਤੁਹਾਡੀ ਕੁੜੀ ਗੁੰਮ ਹੋਈ। ਇਹ ਲੋਕ ਹੁਣ ਤੱਕ ਬਾਂਸ ਦੀ ਪੂਜਾ ਕਰਦੇ ਹਨ।

**1.3.6 ਸਿੱਟਾ** :- ਇਸ ਪ੍ਰਕਾਰ ਸਮੇਂ ਸਮੇਂ ਤੇ ਲੋਕ ਮਨਾਂ ਅੰਦਰ ਅਨੇਕਾਂ ਵਿਸ਼ਵਾਸ ਅਤੇ ਰਸਮਾਂ ਜਨਮ ਲੈਂਦੀਆਂ ਰਹਿੰਦੀਆਂ ਹਨ ਜਿਹੜੀਆਂ ਉਨ੍ਹਾਂ ਦੀਆਂ ਅਗਲੇਰੀਆਂ ਪੀੜ੍ਹੀਆਂ ਤੱਕ ਚਲਦੀਆਂ ਰਹਿੰਦੀਆਂ ਹਨ। ਇਹੀ ਅੱਗੇ ਧਰਮ ਦਾ ਰੂਪ ਲੈ ਲੈਦੀਆਂ ਹਨ। ਇਹਨਾਂ ਵਿਚ ਲੋਕ ਧਰਮ ਅਤੇ ਧਰਮ ਆਪਣੀ ਹੋਂਦ ਗ੍ਰਹਿਣ ਕਰਦਾ ਹੈ।

**1.3.7 ਪ੍ਰਸ਼ਨ** :

1. ਮੁੱਢਲੇ ਧਾਰਮਿਕ ਵਿਸ਼ਵਾਸ਼ਾਂ ਤੋਂ ਕੀ ਭਾਵ ਹੈ? ਇਹਨਾਂ ਬਾਰੇ ਵਿਸਤਾਰ ਵਿਚ ਲਿਖੋ।
2. ਟੋਟਮ ਅਤੇ ਐਨੀਮਿਜ਼ਮ ਉਪਰ ਸੰਖੇਪ ਨੋਟ ਲਿਖੋ।
3. ਮਾਨਾ ਤੋਂ ਕੀ ਭਾਵ ਹੈ ? ਇਹ ਮਨੁੱਖੀ ਸ਼ਕਤੀ ਤੋਂ ਕਿਵੇਂ ਵੱਖਰੀ ਹੈ ਇਸ ਬਾਰੇ ਚਰਚਾ ਕਰੋ।

**1.3.8 ਪੁਸਤਕਾਂ** :

1. ਧਰਮ ਦੀ ਉਤਪਤੀ ਤੇ ਵਿਕਾਸ : ਜੀ.ਐਸ. ਤਾਲਿਬ
2. ਧਰਮ ਦੀ ਉਤਪਤੀ ਤੇ ਵਿਕਾਸ : ਐਫ. ਮੈਕਸਮੂਲਰ ਅਨੁਵਾਦਕ ਤਾਰਕ ਸਿੰਘ
3. ਧਰਮ ਅਧਿਐਨ ਅਤੇ ਸਿੱਖ ਅਧਿਐਨ : ਦਰਸ਼ਨ ਸਿੰਘ

ਪਾਠ ਨੰ: 1.4

## ਧਾਰਮਿਕ ਪ੍ਰਗਟਾਵੇ (ਮਿੱਥ)

1.4.1 ਉਦੇਸ਼
1.4.2 ਭੂਮਿਕਾ
1.4.3 ਮਿੱਥ ਦਾ ਅਰਥ
1.4.4 ਮਿੱਥ ਦਾ ਆਰੰਭ ਅਤੇ ਸਰੂਪ
1.4.5 ਸਿੱਟਾ
1.4.6 ਪ੍ਰਸ਼ਨ
1.4.7 ਪੁਸਤਕਾਂ

**1.4.1 ਉਦੇਸ਼** :– ਇਸ ਪਾਠ ਵਿਚ ਵਿਦਿਆਰਥੀਆਂ ਨੂੰ ਮਿੱਥ ਬਾਰੇ ਜਾਣਕਾਰੀ ਦਿਤੀ ਗਹੀ ਹੈ। ਮਿੱਥ ਮਨੁੱਖੀ ਵਿਸ਼ਵਾਸ ਦਾ ਅਨਿੱਖੜ ਅੰਗ ਰਹੀ ਹੈ ਇਯ ਲਈ ਇਸਨੂੰ ਪੂਰੀ ਤਰ੍ਹਾਂ ਸਮਝਣ ਲਈ ਇਸ ਨੂੰ ਵਿਸਤਾਰ ਵਿਚ ਪੇਸ਼ ਕੀਤਾ ਗਿਆ ਹੈ ਤਾਂ ਕਿ ਵਿਦਿਆਰਥੀ ਪ੍ਰਚਲਿਤ ਸਿੱਖਾਂ ਤੋ ਜਾਣੂ ਹੋ ਸਕਣ।

**1.4.2 ਭੂਮਿਕਾ** :

ਧਾਰਮਿਕ ਖੇਤਰ ਵਿਚ ਮਿੱਥ ਵਿਸ਼ੇਸ਼ ਮਹੱਤਵ ਦਾ ਧਾਰਣੀ ਸੰਕਲਪ ਹੈ। ਇਸ ਪਾਠ ਵਿਚ ਮਿੱਥ ਦੇ ਅਰਥ, ਇਸ ਦੇ ਪ੍ਰਚੱਲਿਤ ਹੋਣ ਅਤੇ ਇਹਨਾਂ ਦੇ ਬਦਲਵੇ ਸਰੂਪਾਂ ਦੀ ਵਿਆਖਿਆ ਕਰਦਿਆਂ ਹੋਇਆ ਮਿੱਥ ਦੀ ਸਿਰਜਨ-ਪ੍ਰਕ੍ਰਿਆ ਸਬੰਧੀ ਕੁਝ ਵਿਚਾਰ ਚਰਚਾ ਦਰਜ ਕੀਤੀ ਗਈ ਹੈ।

**1.4.3 ਮਿੱਥ ਦਾ ਅਰਥ** :

ਮਿੱਥ ਲਈ ਭਾਵੇਂ ਅੰਗਰੇਜ਼ੀ ਸ਼ਬਦ Mythology ਪ੍ਰਚਲਿਤ ਹੈ ਪਰ ਪੰਜਾਬੀ ਵਿਚ ਮਿੱਥ ਸ਼ਬਦ ਹੀ ਵਧੇਰੇ ਵਰਤਿਆ ਜਾਂਦਾ ਹੈ। ਮਿੱਥ ਉਹ ਪੌਰਾਣਿਕ ਗਾਥਾਵਾਂ ਹਨ ਜਿਹੜੀਆਂ ਅਸੀਂ ਸ੍ਰਿਸ਼ਟੀ ਰਚਨਾ, ਮਨੁੱਖ ਦੀ ਉਤਪਤੀ, ਧਰਤੀ ਦਾ ਬਣਨਾ, ਕੌਣ ਤੇ ਕਦੋਂ ਇਸ ਧਰਤੀ ਤੇ ਅੱਗ ਲਿਆਇਆ ਆਦਿ ਬਾਰੇ ਅਸੀਂ ਨਿਰੋਲ ਮਿੱਥ ਜਾਂ ਕਲਪਤ ਕਹਾਣੀਆਂ ਘੜ ਲਈਆਂ। ਡਾ. ਕਰਨੈਲ ਸਿੰਘ ਥਿੰਦ ਨੇ ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ ਵਿਚ ਮਿੱਥ ਇਤਿਹਾਸਕ ਕਹਾਣੀ ਜਾਂ ਮਿਥਿਹਾਸਕ ਕਥਾ ਲਈ ਵਰਤਿਆ ਹੈ। ਮਿੱਥ ਤੋਂ ਭਾਵ ਉਹ ਪੁਰਾਤਨ ਕਥਾਵਾਂ ਤੋਂ ਹੈ ਜਿਨ੍ਹਾਂ ਦੀ ਹਕੀਕਤ ਨੂੰ ਤਰਕ (Logic) ਅਤੇ ਇਤਿਹਾਸ ਗਵਾਹੀ (Historical Fact) ਨਾਲ ਸਿੱਧ ਨਹੀਂ ਕੀਤਾ ਜਾ ਸਕਦਾ ਪਰ ਇਨ੍ਹਾਂ ਦੀ ਲੋਕ-ਮਾਨਸ ਵਿਚ ਬਣੀ ਲੰਮੀ ਪਰੰਪਰਾ, ਜੋ ਸੀਨਾ-ਬਸੀਨਾ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਚੱਲਦੀ ਰਹਿੰਦੀ ਹੈ, ਅਸੀਂ ਇਨ੍ਹਾਂ ਨੂੰ ਪੂਰੀ ਤਰ੍ਹਾਂ ਰੱਦ ਵੀ ਨਹੀਂ ਕਰ ਸਕਦੇ। ਕਿਸੇ ਮਿਥਿਹਾਸਕ ਪਾਤਰ ਪ੍ਰਤੀ ਲੋਕਾਂ ਵਿਚ ਜੋ ਵਿਸ਼ਵਾਸ ਉਪਜਿਆ ਹੁੰਦਾ ਹੈ, ਉਸ ਵਿਸ਼ਵਾਸ ਨੂੰ ਬੰਨ੍ਹਣ ਲਈ ਸਦੀਆਂ ਲੱਗਦੀਆਂ ਹਨ। ਇਸ ਲਈ ਅਜਿਹੇ ਵਿਸ਼ਵਾਸ ਨੂੰ ਮਿੱਥ ਕਹਿ ਕੇ ਝੁਠਲਾਇਆ ਨਹੀਂ ਜਾ ਸਕਦਾ ਤੇ ਪੂਰੀ ਤਰ੍ਹਾਂ ਸੱਚ ਵੀ ਨਹੀਂ ਸਿੱਧ ਕੀਤਾ ਜਾ ਸਕਦਾ। ਵਾਸਤਵ ਵਿਚ ਮਿਥ ਸਮੂਹਿਕ ਲੋਕ ਮਾਨਸ ਵਿਚ ਉਪਜੀ ਉਹ ਕਹਾਣੀ ਹੈ ਜਿਸ ਦਾ ਨਾਇਕ ਆਦਰਸ਼ ਮਨੁੱਖ ਹੁੰਦਾ ਹੈ। ਮਿਥ ਵਿਚ ਭਾਵੇਂ ਅਤਿਕਥਨੀ ਦਾ ਅੰਸ਼ ਵਧੇਰੇ ਹੁੰਦਾ ਹੈ, ਪਰ ਇਸ ਵਿਚ ਨਿਰੋਲ ਕਾਲਪਨਿਕ ਜਾਂ ਝੂਠ ਵੀ

ਨਹੀਂ ਹੁੰਦਾ। ਮਿਥ ਸੱਚ ਵੀ ਨਹੀਂ ਹੁੰਦਾ ਪਰ ਮਿੱਥ ਸੱਚ ਦਾ ਪ੍ਰਤੀਕ ਹੈ। ਮਿੱਥ ਸੱਚ ਇਸ ਕਰਕੇ ਲੱਗਦੀ ਹੈ ਕਿਉਂਕਿ ਸਮਾਜ ਚੇਤਨਾ ਨੇ ਇਸ ਨੂੰ ਸਵੀਕਾਰ ਕਰ ਲਿਆ ਹੁੰਦਾ ਹੈ। ਇਸੇ ਲਈ ਬੁਰਿਜ (Burridge) ਮਿਥ ਨੂੰ ਉਹ ਕਹਾਣੀ ਮੰਨਦਾ ਹੈ ਜਿਸ ਤੇ ਸਮਾਜ ਦੀ ਸਵੀਕਿਰਤੀ ਦੀ ਮੋਹਰ ਲੱਗੀ ਹੁੰਦੀ ਹੈ।

ਕਿਸੇ ਨਾ ਕਿਸੇ ਰੂਪ ਵਿਚ ਨਾਇਕ ਪੂਜਾ (Hero Worship) ਕਰਨਾ ਮਨੁੱਖ ਦੀ ਪ੍ਰਵ੍ਰਿਤੀ ਰਹੀ ਹੈ। ਆਦਿ ਕਾਲੀਨ ਮਨੁੱਖ ਦੇ ਸਮਾਜਿਕ ਹਾਲਾਤ ਹੀ ਅਜਿਹੇ ਹਨ, ਜਿਸ ਵਿਚ ਨਾਇਕ ਪੂਜਾ ਹੋਰ ਵੀ ਵਧੇਰੇ ਸੀ। ਪਰ ਅੱਜ ਦਾ ਆਧੁਨਿਕ ਵਿਕਸਿਤ ਮਨੁੱਖ ਵੀ ਇਸ ਤੋਂ ਮੁਕਤ ਨਹੀਂ ਹੋ ਸਕਿਆ। ਮਿੱਥ ਦੀ ਸ਼ੁਰੂਆਤ ਆਦਿ ਮਨੁੱਖ ਦੀ ਆਦਿਮਤਾ (Primitivism) ਵਿਚ ਢੂੰਡੀ ਜਾ ਸਕਦੀ ਹੈ। ਆਦਿ ਮਨੁੱਖ ਨੇ ਉਹਨਾਂ ਮਨੁੱਖਾਂ ਨੂੰ ਆਪਣੇ ਦੇਵਤੇ ਮੰਨ ਲਿਆ ਜਿਹੜੇ ਆਪਣੇ ਸਾਥੀ ਮਨੁੱਖਾਂ ਤੋਂ ਅੱਗੇ ਲੰਘੇ ਹੋਏ ਸਨ। ਭਾਵ ਜਿਹਨਾਂ ਨੇ ਕਿਸੇ ਨਾ ਕਿਸੇ ਕਰਤੱਵ, ਕੰਮ ਜਾਂ ਧੰਦੇ ਵਿਚ 'ਕਮਾਲ ਪ੍ਰਬੀਨਤਾ' ਹਾਸਲ ਕਰ ਲਈ ਸੀ। ਇਸੇ ਕਰਕੇ ਮੈਕਸਿਮ ਗੋਰਕੀ ਨੇ ਆਦਿ ਕਾਲੀਨ ਦੇਵਤਿਆਂ ਨੂੰ ਮਨੁੱਖਾਂ ਵਰਗੇ ਕਹਿਕੇ ਉਹਨਾਂ ਨੂੰ ਵਿਸ਼ੇਸ਼ ਪ੍ਰਕਾਰ ਦੇ ਮਨੁੱਖ ਹੀ ਮੰਨਿਆ ਹੈ।

### 1.4.4 ਮਿੱਥ ਦਾ ਆਰੰਭ ਅਤੇ ਸਰੂਪ

ਮਿੱਥ ਕਦੋਂ ਸ਼ੁਰੂ ਹੋਏ, ਇਸ ਸਬੰਧੀ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਵਿਗਿਆਨ ਤੇ ਤਾਰਕਿਕ ਵਿਚਾਰਾਂ ਦੇ ਆਰੰਭ ਹੋਣ ਤੋਂ ਪਹਿਲਾਂ ਮਿੱਥਾਂ ਦੀ ਇਕ ਲੰਮੀ ਪ੍ਰੰਪਰਾ ਹੈ। ਮਿੱਥ ਵਾਰਤਾਵਾਂ ਦਾ ਝੁਕਾਓ ਅਚੰਭੇ ਵਿਚ ਹੈ। ਮਿੱਥ ਦਾਰਸ਼ਨਿਕ ਜਾਂ ਸੰਕੇਤਕ ਹੋ ਸਕਦੇ ਸਨ ਜਿਹੜੇ ਕਿ ਕੁਦਰਤ ਜਾਂ ਕਿਸੇ ਦਾਰਸ਼ਨਿਕ ਵਿਚਾਰ ਦੀ ਤਸਵੀਰ ਬਣਾ ਕੇ ਪੇਸ਼ ਕਰਨ। ਮਿੱਥ ਆਮ ਤੌਰ ਤੇ ਸਮਾਜ ਦੇ ਪਿਛੜੇਪਣ ਦੀ ਨਿਸ਼ਾਨੀ ਹਨ। ਜਦੋਂ ਸਭਿਅਤਾ ਨੇ ਅਜੇ ਤਰੱਕੀ ਨਾ ਕੀਤੀ ਹੋਵੇ ਤੇ ਮਨੁੱਖੀ ਬੁੱਧੀ ਅਜੇ ਦਾਰਸ਼ਨਿਕ ਤੇ ਸੰਕੇਤਕ ਪ੍ਰਸਤਾਵ ਬਣਾਉਣ ਦੇ ਸੰਕਲਨ ਕਰਨ ਦੇ ਯੋਗ ਨਾ ਹੋਈ ਹੋਵੇ ਤਾਂ ਉਸ ਸਮੇਂ ਇਹ ਸਾਰਥਕ ਕਹਾਣੀਆਂ ਬਣਾਉਂਦੀ ਹੈ। ਜਿਵੇਂ ਅੱਜ ਵੀ ਅਸੀਂ ਭਾਰਤੀ ਸਮਾਜ ਵਿਚ ਧਰਮਰਾਜ ਸੰਬੰਧੀ ਵਿਸ਼ਵਾਸ ਦੇਖ ਸਕਦੇ ਹਾਂ। ਜੋ ਕਾਨੂੰਨ ਲਾਗੂ ਕਰਨ ਵਾਲਾ ਭਾਵ ਚੰਗੇ ਮਾੜੇ ਦਾ ਨਿਤਾਰਾ ਕਰਨ ਵਾਲਾ ਤੇ ਕਰਮ ਕਰਨ ਵਾਲਿਆਂ ਨੂੰ ਸਜ਼ਾ ਦੇਣ ਵਾਲਾ ਤੇ ਚੰਗੇ ਕਰਮ ਕਰਨ ਵਾਲਿਆ ਨੂੰ ਵਡਿਆਈ ਦੇਣ ਵਾਲਾ ਹੈ। ਇਸੇ ਤਰ੍ਹਾਂ ਪ੍ਰਾਚੀਨ ਈਰਾਨੀਆਂ ਨੇ ਨੇਕੀ ਅਤੇ ਬਦੀ ਦੀ ਟੱਕਰ ਨੂੰ ਐਂਗਰਮੈਨਿਊ ਤੇ ਸਪੈਂਟਾਮੈਨਿਉ ਦੇ ਰਾਹੀਂ ਪ੍ਰਗਟਾਇਆ ਹੈ। ਸਾਮੀ ਧਰਮਾਂ ਵਾਲਿਆਂ ਦਾ ਸਵਰਗ ਤੇ ਨਰਕ ਦਾ ਸਿਧਾਂਤ ਵੀ ਇਹਨਾਂ ਨਾਲ ਮਿਲਦਾ ਜੁਲਦਾ ਹੈ ਜਿਸ ਅਨੁਸਾਰ ਸਵਰਗ ਇਕ ਆਨੰਦਾਇਕ ਖੁਸ਼ਬੂਆਂ ਭਰਿਆ ਬਾਗ ਹੈ ਜਿੱਥੇ ਹਰ ਪ੍ਰਕਾਰ ਦੇ ਆਰਾਮ ਹਨ ਤੇ ਨਰਕ ਧੂੰਏਂ ਲਾਟਾਂ ਤੇ ਗੰਦਗੀ ਦਾ ਘਰ ਹੈ। ਇਸੇ ਤਰ੍ਹਾਂ ਭਾਰਤੀ ਮਿੱਥ ਅਨੁਸਾਰ ਨਰਕ ਇਕ ਗੰਦਗੀ ਦਾ ਕੁੰਡ ਹੈ ਜਿਥੇ ਪਾਪੀ ਸੁੱਟੇ ਜਾਂਦੇ ਹਨ ਤੇ ਧਰਮ ਰਾਜ ਉਹਨਾਂ ਨੂੰ ਕਰੜੀਆਂ ਤੋਂ ਕਰੜੀਆਂ ਸਜ਼ਾਵਾਂ ਦਿੰਦਾ ਹੈ ਤੇ ਨੇਕ ਬੰਦਿਆਂ ਨੂੰ ਜੋ ਸਮਾਜ ਕਲਿਆਣ ਦੇ ਕਰਮ ਕਰਦੇ ਹਨ ਤੇ ਚੰਗੇ ਕਰਮ ਕਰਦੇ ਹਨ ਨੂੰ ਧਰਮ ਰਾਜ ਵਲੋਂ ਬਖਸ਼ਿਸ਼ਾਂ ਮਿਲਦੀਆਂ ਹਨ। ਭਾਵੇਂ ਇਹ ਖਿਆਲ ਨਿਰਾ ਮਿੱਥ ਹੈ ਪਰ ਇਸਨੇ ਮਨੁੱਖ ਜਾਤੀ ਦੀਆਂ ਅਨੇਕਾਂ ਨਸਲਾਂ ਦੇ ਜੀਵਨ ਵਿਵਹਾਰ ਨੂੰ ਬਕਾਇਦਾ ਚਲਾਉਣ ਵਿਚ ਬੜਾ ਅਸਰ ਪਾਇਆ ਅਤੇ ਅੱਜ ਵੀ ਅਨੇਕਾਂ ਲੋਕ ਇਸ ਮਿੱਥ ਦੀ ਸਚਾਈ ਉਤੇ ਪੂਰਾ ਵਿਸ਼ਵਾਸ ਕਰਦੇ ਹਨ।

ਪ੍ਰੋ. ਗੁਰਬਚਨ ਸਿੰਘ ਤਾਲਿਬ ਨੇ ਮਿੱਥ ਦੇ ਪ੍ਰਚਲਿਤ ਹੋਣ ਪਿਛੇ ਦੋ ਪ੍ਰਕਾਰ ਦੇ ਕਾਰਨ ਦੱਸੇ ਹਨ। ਇਕ ਉਹ ਮਿਥਿਹਾਸਕ ਕਥਾਵਾਂ ਹਨ ਜੋ ਮਨੁੱਖ ਅੰਦਰ ਭੈਅ ਅਤੇ ਡਰ ਦੀ ਭਾਵਨਾ ਸਦਕਾ ਹੋਂਦ ਵਿਚ ਆਈਆਂ ਤੇ ਦੂਜਾ ਜਿਨ੍ਹਾਂ ਦਾ ਅਧਾਰ ਦਾਰਸ਼ਨਿਕ ਸੀ। ਪ੍ਰਾਚੀਨ ਮਨੁੱਖ ਨੂੰ ਕੁਦਰਤ ਦੀ ਹਰ ਘਟਨਾ ਪਿੱਛੇ ਕੋਈ ਸ਼ਕਤੀ ਕੰਮ ਕਰਦੀ ਪ੍ਰਤੀਤ ਹੁੰਦੀ ਹੈ। ਪਰ ਕੁਦਰਤੀ ਸ਼ਕਤੀਆਂ ਜਿਥੇ ਉਸ ਲਈ ਵਰਦਾਨ ਸਨ, ਉੱਥੇ ਉਸ ਲਈ ਡਰ ਦਾ ਕਾਰਨ ਵੀ ਸਨ ਜਿਸ ਤੋਂ ਉਸ ਨੂੰ ਭੈਅ ਉਪਜਦਾ ਸੀ। ਇਹ ਉਸ ਲਈ ਡਰ ਅਤੇ ਚਿੰਤਾ ਦਾ ਕਾਰਨ ਬਣ ਗਿਆ ਤੇ ਮਨੁੱਖ ਅਜਿਹੇ ਵਿਵਹਾਰ ਲੱਭਣ ਲੱਗਾ ਜਿਸ ਨਾਲ ਕੁਦਰਤੀ ਕਰੋਪੀ ਤੋਂ ਬਚਿਆ ਜਾ ਸਕੇ ਤੇ ਉਸ

ਦਾ ਡਰ ਦੂਰ ਹੋਵੇ। ਉਸ ਨੇ ਕੁਦਰਤ ਨੂੰ ਵੱਖ-ਵੱਖ ਦੇਵਤਿਆਂ ਵਿੱਚ ਵੰਡ ਲਿਆ ਤੇ ਉਸ ਨੇ ਦੇਵਤਿਆਂ ਨੂੰ ਮਨਾਉਣ ਲਈ ਕਈ ਤਰ੍ਹਾਂ ਦੇ ਮੰਤਰ, ਪੂਜਾ ਪਾਠ ਆਰੰਭ ਕਰ ਲਏ ਤਾਂ ਜੋ ਦੇਵਤੇ ਦੀ ਮੰਦਭਾਵਨਾ, ਗੁੱਸਾ ਅਤੇ ਹਾਨੀ ਪਹੁੰਚਾਉਣ ਦੀ ਇੱਛਾ ਨੂੰ ਰੋਕਿਆ ਜਾ ਸਕੇ। ਉਹ ਨਿਸ਼ਚਿਤ ਮਰਿਆਦਾ ਅਨੁਸਾਰ ਇਹ ਪੂਜਾ ਪਾਠ ਦੇ ਕਰਮ ਕਰਦਾ ਤੇ ਇਨ੍ਹਾਂ ਨੂੰ ਕਰਨ ਤੋਂ ਪਿੱਛੋਂ ਉਸ ਨੂੰ ਯਕੀਨ ਹੋ ਜਾਂਦਾ ਕਿ ਹੁਣ ਉਸ ਤੇ ਕੁਦਰਤ ਦੀ ਕਰੋਪੀ ਦਾ ਕੋਈ ਅਸਰ ਨਹੀਂ ਹੋਵੇਗਾ। ਸਮਾਂ ਪਾ ਕੇ ਅਜਿਹੇ ਪੂਜਾ ਪਾਠ ਕਰਾਉਣ ਲਈ ਇੱਕ ਸ਼੍ਰੇਣੀ ਹੋਂਦ ਵਿਚ ਆ ਗਈ।

ਅਜੋਕੇ ਸਮਿਆਂ ਵਿੱਚ ਵੀ ਸਮਾਜ ਦਾ ਸੱਭਿਅਕ ਭਾਗ ਕੁਝ ਅਜਿਹੇ ਵਿਸ਼ਵਾਸਾਂ ਦਾ ਧਾਰਨੀ ਹੈ ਜੋ ਆਪਣੇ ਸੁਭਾਅ ਵਿਚ ਪ੍ਰਾਚੀਨ ਹੈ ਅਤੇ ਮਿੱਥ ਵਿੱਚ ਵਿਸ਼ਵਾਸ ਰੱਖਦਾ ਹੈ। ਅੱਜ ਵੀ ਮਨੁੱਖ ਸ਼ਗਨਾਂ, ਫਲਾਂ ਵਿਚ ਯਕੀਨ ਰੱਖਦਾ ਹੈ। ਭਾਵੇਂ ਇਹਨਾਂ ਪਿਛੇ ਕੋਈ ਸਚਾਈ ਨਾ ਵੀ ਹੋਵੇ ਪਰ ਇਹ ਵਿਸ਼ਵਾਸ ਮਨੁੱਖੀ ਸਮਾਜ ਨਾਲ ਅਜਿਹੇ ਚਿੰਬੜੇ ਹੋਏ ਹਨ ਕਿ ਇਹਨਾਂ ਨੂੰ ਲਾਹੁਣਾ ਸੌਖਾ ਕੰਮ ਨਹੀਂ ਜਿਵੇਂ : ਛਿੱਕ ਪ੍ਰਤੀ ਅੱਜ ਵੀ ਮਨੁੱਖ ਦੇ ਇਹ ਵਿਚਾਰ ਹਨ ਕਿ ਕੋਈ ਨਵਾਂ ਕੰਮ ਸ਼ੁਰੂ ਨਹੀਂ ਕਰਨਾ, ਜਾਂ ਛਿੱਕ ਤੇ ਕਿਧਰੇ ਤੁਰਨਾ ਨਹੀਂ। ਕਿਸੇ ਜਾਂਦੇ ਨੂੰ ਜਦੋਂ ਉਹ ਕਿਸੇ ਕੰਮ ਜਾ ਰਿਹਾ ਹੋਵੇ ਟੋਕਣਾ ਬਹੁਤ ਬੁਰਾ ਸਮਝਿਆ ਜਾਂਦਾ ਹੈ। ਅੱਜ ਵੀ ਨਵੀਆਂ ਬਣੀਆਂ ਇਮਾਰਤਾਂ ਤੇ ਕਿਸੇ ਭੂਤ ਦੀ ਤਸਵੀਰ ਲਾਉਣ ਤੋਂ ਇਹ ਅਰਥ ਕੱਢਿਆ ਜਾਂਦਾ ਹੈ ਕਿ ਇਸ ਤੇ ਕਿਸੇ ਜਿੰਨ ਭੂਤ ਦਾ ਹਮਲਾ ਨਹੀਂ ਹੁੰਦਾ ਤੇ ਇਹ ਉਹਨਾਂ ਦੀ ਮਾਰੂ ਨਜ਼ਰ ਤੋਂ ਬਚ ਸਕੇਗਾ। ਪ੍ਰਾਚੀਨ ਮਨੁੱਖ ਕੁਦਰਤ ਦੀਆਂ ਉਹ ਦੁਖਦਾਈ ਚੀਜ਼ਾਂ ਜਿਵੇਂ ਸੱਪ, ਚੇਚਕ ਦਾ ਰੋਗ ਆਦਿ ਦੀ ਪੂਜਾ ਕਰਦਾ ਤਾਂ ਕਿ ਉਹਨਾਂ ਦੇ ਪ੍ਰਕੋਪ ਤੋਂ ਬਚਿਆ ਜਾ ਸਕੇ ਪਰ ਇਹ ਮਿੱਥ ਅੱਜ ਵੀ ਪ੍ਰਚਲਿਤ ਹਨ ਜਿਵੇਂ ਅੱਜ ਵੀ ਖਿਆਲ ਹੈ ਕਿ ਗੁੱਗਾ ਨੌਮੀ ਸਮੇਂ ਸੱਪ ਦੀ ਪੂਜਾ ਕਰਨਾ ਨਾਲ ਸੱਪਾਂ ਦੇ ਪ੍ਰਕੋਪ ਤੋਂ ਬਚ ਜਾਈਦਾ ਹੈ ਅਤੇ ਚੇਚਕ ਨੂੰ ਮਾਤਾ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ ਤੇ ਇਸ ਦੀ ਪੂਜਾ ਕਿਸੇ ਖਾਸ ਮਹੀਨੇ ਵਿਚ ਪ੍ਰਚਲਿਤ ਹੈ। ਭਾਰਤੀ ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਤ੍ਰਰਾਂ ਕਰਨ ਨਾਲ ਇਸ ਦੇ ਦੁਖਦਾਈ ਪ੍ਰਕੋਪ ਤੋਂ ਬਚਿਆ ਜਾਵੇਗਾ।

ਭਾਰਤੀ ਲੋਕ ਹਰ ਚੀਜ਼ ਵਿਚ ਆਤਮਾ ਮੰਨਦੇ ਹਨ ਜੋ ਆਮ ਆਦਮੀਆਂ ਦੀ ਤਰ੍ਹਾਂ ਵਿਚਾਰ ਤੇ ਕਰਮ ਨਾਲ ਸੰਬੰਧਤ ਹਨ ਤੇ ਸੁਭਾਵਿਕ ਈਰਖਾਲੂ ਅਤੇ ਸਵਾਰਥੀ ਹਨ ਤੇ ਕਈ ਵਿਸ਼ੇਸ਼ ਕੰਮ ਕਰਨ ਤੋਂ ਪ੍ਰਸੰਨ ਤੇ ਅਪ੍ਰਸੰਨ ਹੋ ਜਾਂਦੀਆਂ ਹਨ। ਜਿਵੇਂ ਅੱਜ ਵੀ ਅਸੀਂ ਦੇਖਦੇ ਹਾਂ ਕਿ ਭਾਰਤੀ ਦੁਕਾਨਦਾਰ ਸਵੇਰੇ ਸਭ ਤੋਂ ਪਹਿਲਾਂ ਦੁਕਾਨ ਦੇ ਵੱਟਿਆਂ ਦੀ ਧੂਫ ਬੱਤੀ ਕਰਦਾ ਹੈ, ਵੱਟਿਆਂ ਨੂੰ ਮੱਥਾ ਟੇਕਦਾ ਹੈ। ਸਵੇਰੇ ਦੁਕਾਨ ਤੇ ਜਿਹੜਾ ਗਾਹਕ ਪਹਿਲਾਂ ਆਵੇ ਉਸ ਨੂੰ ਖਾਲੀ ਮੋੜਨਾ ਚੰਗਾ ਨਹੀਂ ਸਮਝਿਆ ਜਾਂਦਾ ਭਾਵੇਂ ਦੁਕਾਨਦਾਰ ਨੂੰ ਨੁਕਸਾਨ ਹੀ ਕਿਉਂ ਨਾ ਉਠਾਉਣਾ ਪਵੇ ਕਿਉਂਕਿ ਪਹਿਲੇ ਗਾਹਕ ਨੂੰ ਖਾਲੀ ਮੋੜਨਾ ਬਦਸ਼ਗਨੀ ਸਮਝਦਾ ਹੈ ਤੇ ਪਹਿਲੇ ਆਏ ਨੋਟ ਜਾਂ ਸਿੱਕੇ ਨੂੰ ਪਵਿੱਤਰ ਮੰਨ ਕੇ ਨਮਸਕਾਰ ਕਰਦਾ ਹੈ। ਉਸਦਾ ਵਿਸ਼ਵਾਸ ਹੈ ਕਿ ਇਹ ਸਿੱਕਾ ਹੋਰ ਸਿੱਕੇ ਆਪਣੇ ਨਾਲ ਲੈ ਕੇ ਆਵੇਗਾ।

ਅਜਿਹੇ ਹੀ ਮਿੱਥ ਅਸੀਂ ਡਰਾਈਵਰਾਂ ਵਿੱਚ ਦੇਖ ਸਕਦੇ ਹਾਂ। ਹਰ ਇਕ ਡਰਾਈਵਰ ਆਪਣੀ ਮੋਟਰ,ਕਾਰ ਜਾਂ ਹੋਰ ਗੱਡੀ ਚਲਾਉਣ ਤੋਂ ਪਹਿਲਾਂ ਅਰਦਾਸ ਕਰਦਾ ਹੈ ਤੇ ਅਜਿਹੇ ਇਸ਼ਾਰੇ ਕਰਦਾ ਹੈ ਕਿ ਦੇਵਤਾ ਪ੍ਰਸੰਨ ਰਹੇ ਤੇ ਉਸ ਦੀ ਗੱਡੀ ਸੁਰੱਖਿਅਤ ਰਹੇ। ਮਿਸਤਰੀ ਆਪਣੀ ਮਸ਼ੀਨ ਦੀ ਧੂਫ ਬੱਤੀ ਕਰਦੇ ਹਨ ਤਾਂ ਕਿ ਇਸ ਵਿਚ ਵਸਦੀ ਰੂਹ ਉਹਨਾਂ ਪ੍ਰਤੀ ਵਫਾਦਾਰ ਰਹੇ। ਭੋਜਨ ਖਾਣ ਸਮੇਂ ਪਹਿਲੀ ਬੁਰਕੀ ਕਾਂ, ਕਾਲੇ ਕੁੱਤੇ ਜਾਂ ਕਿਸੇ ਹੋਰ ਜਾਨਵਰ ਨੂੰ ਪਾਈ ਜਾਂਦੀ ਹੈ। ਇਹ ਇਕ ਪ੍ਰਕਾਰ ਦੀ ਭੇਟਾਂ ਹੈ ਤਾਂ ਕਿ ਬਾਕੀ ਭੋਜਨ ਖਾਣ ਵਾਲੇ ਕੋਲੋਂ ਖੋਹਿਆ ਨਾ ਜਾਵੇ। ਕਿਉਂਕਿ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜਿਸ ਜਾਨਵਰ ਨੂੰ ਗਰਾਹੀ ਪਾਈ ਗਈ ਹੈ ਉਹ ਉਸ ਦੇਵਤੇ ਦੀ ਪ੍ਰਤੀਨਿਧਤਾ ਕਰਦਾ ਹੈ। ਬੁਰਕੀ ਪਾਉਣ ਨਾਲ ਜਾਨਵਰ ਰਾਹੀਂ ਉਹ ਦੇਵਤਾ ਖੁਸ਼ ਹੋ ਜਾਂਦਾ ਹੈ। ਬਹੁਤ ਸਾਰੇ ਲੋਕ ਦਰਿਆ, ਨਦੀ ਜਾਂ ਨਹਿਰ ਆਦਿ ਨੂੰ ਪਾਰ ਕਰਨ ਸਮੇਂ ਉਸ ਵਿੱਚ ਇੱਕ ਸਿੱਕਾ ਸੁੱਟ ਦਿੰਦੇ ਹਨ। ਅਜਿਹਾ ਇਸ ਕਰਕੇ ਕੀਤਾ ਜਾਂਦਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਪਾਣੀ ਵਿਚ ਨਿਵਾਸ ਕਰਨ

ਵਾਲੀ ਆਤਮਾ ਸੰਤੁਸ਼ਟ ਹੋ ਜਾਵੇਗੀ ਤੇ ਉਸ ਭੇਟਾਂ ਕਰਨ ਵਾਲੇ ਦੀ ਰੱਖਿਆ ਕਰੇਗੀ। ਜੇ ਕਿਸੇ ਦਾ ਰਸਤਾ ਬਿੱਲੀ ਕੱਟ ਜਾਵੇ ਤਾਂ ਇਸ ਨੂੰ ਬੁਰਾ ਸਮਝਿਆ ਜਾਂਦਾ ਹੈ।

ਬ੍ਰਹਿਮੰਡ ਵਿਚ ਰੂਹਾਂ ਦਾ ਵਾਸਾ ਮੰਨਿਆ ਜਾਂਦਾ ਹੈ। ਇਹ ਰੂਹਾਂ ਦਿਆਲੂ ਆਚਰਨ ਵਾਲੀਆਂ ਹੋਣ ਤਾਂ ਮਦਦ ਕਰਦੀਆਂ ਹਨ, ਰੱਖਿਆ ਕਰਦੀਆਂ ਹਨ, ਪ੍ਰੰਤੂ ਜੇਕਰ ਇਹਨਾਂ ਦਾ ਸੁਭਾਅ ਭੈੜਾ ਹੋਵੇ ਤਾਂ ਇਹ ਜਿੰਨ ਭੂਤ ਖਿਆਲ ਕੀਤੀਆਂ ਜਾਂਦੀਆਂ ਹਨ ਜੋ ਮਨੁੱਖਾਂ ਨੂੰ ਹਮੇਸ਼ਾਂ ਨੁਕਸਾਨ ਪੁਚਾਉਂਦੀਆਂ ਹਨ। ਸਾਡੇ ਦੇਸ਼ ਵਿਚ ਕੁਦਰਤ ਦੀ ਹਰ ਸ਼ਕਤੀ ਕਿਸੇ ਰੂਹ ਨਾਲ ਘਿਰੀ ਹੋਈ ਹੈ। ਇਸੇ ਵਿਚਾਰ ਅਨੁਸਾਰ ਪਾਣੀ ਵਿਚ ਵੀ ਇਕ ਰੂਹ ਹੈ ਤੇ ਹਰ ਧਰਮ ਵਿਚ ਇਸ ਲਈ ਵੱਖ ਵੱਖ ਨਾਂ ਹਨ, ਜਿਵੇਂ ਹਿੰਦੂ ਇਸ ਨੂੰ ਵਰੁਣ ਕਹਿੰਦੇ ਹਨ।ਮੁਸਲਮਾਨਾਂ ਅਨੁਸਾਰ ਇਸ ਸ਼ਕਤੀ ਦਾ ਨਾਂ ਖੁਆਜਾ ਖਿਜਰ ਹੈ। ਦੋਵੇ ਧਰਮਾਂ ਵਾਲਿਆਂ ਦਾ ਵਿਸ਼ਵਾਸ ਹੈ ਕਿ ਇਹ ਉਹਨਾਂ ਦੀ ਮਦਦ ਕਰਦਾ ਹੈ ਜਿਹੜੇ ਪਾਣੀ ਵਿਚ ਕੰਮ ਕਰਦੇ ਹਨ। ਉਹ ਲੋਕ ਇਸ ਦੀ ਅਰਾਧਨਾ ਕਰਦੇ ਹਨ ਤਾਂ ਜੋ ਉਹ ਹਰ ਸਮੇਂ ਉਹਨਾਂ ਦੀ ਸਹਾਇਤਾ ਕਰੇ।1993 ਵਿਚ ਜਦੋਂ ਪਟਿਆਲਾ ਹੜ੍ਹਾਂ ਦੀ ਲਪੇਟ ਵਿਚ ਆ ਗਿਆ ਸੀ ਤਾਂ ਇਸ ਜਲ ਦੇਵਤੇ ਦੇ ਪ੍ਰਕੋਪ ਤੋਂ ਬਚਣ ਲਈ ਪਟਿਆਲਾ ਵਾਸੀਆਂ ਨੇ ਜਲ ਦੇਵਤੇ ਅੱਗੇ ਭੇਟਾ ਦਿੱਤੀ। ਉਹਨਾਂ ਦਾ ਵਿਸ਼ਵਾਸ ਸੀ ਕਿ ਜੇ ਜਲ ਦੇਵਤੇ ਨੂੰ ਭੇਟਾਂ ਨਾ ਦਿੱਤੀ ਗਈ ਤਾਂ ਇਹ ਹੋਰ ਵੀ ਨੁਕਸਾਨ ਕਰ ਸਕਦਾ ਹੈ ਤੇ ਸਦੀਆਂ ਤੋਂ ਚਲੀ ਆ ਰਹੀਂ ਮਿੱਥ ਪਰੰਪਰਾ ਨੂੰ ਸੰਪੂਰਨ ਕੀਤਾ।

ਇਸ ਤਰ੍ਹਾਂ ਦੀਆਂ ਕਈ ਮਿੱਥਾਂ ਸੱਪਾਂ ਉੱਤੇ ਪ੍ਰਚਲਿਤ ਹਨ। ਇਹੀ ਕਾਰਨ ਹੈ ਕਿ ਭਾਰਤ ਵਿਚ ਸੱਪਾਂ ਨੂੰ ਧਾਰਮਿਕ ਸ਼ਰਧਾ ਨਾਲ ਦੇਖਿਆ ਜਾਂਦਾ ਹੈ। ਇਕ ਮਿੱਥ ਅਨੁਸਾਰ ਤਾਂ ਧਰਤੀ ਦਾ ਭਾਰ ਸ਼ੇਸ਼ਨਾਗ ਨੇ ਚੁੱਕਿਆ ਹੋਇਆ ਹੈ। ਕ੍ਰਿਸ਼ਨ ਭਗਵਾਨ ਤੇ ਭਗਵਾਨ ਸ਼ਿਵ ਨਾਲ ਸੱਪਾਂ ਨੂੰ ਜੋੜਿਆ ਜਾਂਦਾ ਹੈ। ਸਾਡੇ ਦੇਸ਼ ਵਿਚ ਕਈ ਕਬੀਲਿਆਂ ਨੇ ਆਪਣੇ ਆਪ ਨੂੰ ਸੱਪਾਂ ਨਾਲ ਜੋੜਿਆ ਹੋਇਆ ਹੈ। ਉਹਨਾਂ ਦੀ ਧਾਰਨਾ ਹੈ ਕਿ ਉਹਨਾਂ ਨੂੰ ਸੱਪ ਕਟਦੇ ਨਹੀਂ। ਪੰਜਾਬ ਵਿਚ ਗੁੱਗੇ ਜ਼ਾਹਿਰ ਪੀਰ ਬਾਰੇ ਇਹ ਕਥਾ ਪ੍ਰਚਲਿਤ ਹੈ ਕਿ ਉਸ ਦੀ ਸੱਪਾਂ ਦੀ ਫੌਜ ਹੁੰਦੀ ਸੀ। ਹੁਣ ਵੀ ਅਗਸਤ ਮਹੀਨੇ ਵਿਚ ਕ੍ਰਿਸ਼ਨ ਜਨਮ ਅਸ਼ਟਮੀ ਤੋਂ ਇਕ ਦਿਨ ਪਿਛੋਂ ਗੁੱਗੇ ਦੀ ਪੂਜਾ ਕੀਤੀ ਜਾਂਦੀ ਹੈ ਕਿ ਤਾਂ ਕਿ ਸੱਪਾਂ ਦੇ ਪ੍ਰਕੋਪ ਤੋਂ ਬਚਿਆ ਜਾ ਸਕੇ।

ਅਜਿਹੇ ਮਿੱਥ ਦਰਖੱਤਾਂ ਸੰਬੰਧੀ ਵੀ ਹਨ ਜਿਸ ਵਿਚ ਕਿਸੇ ਖਾਸ ਦਰਖਤ ਨੂੰ ਪਵਿੱਤਰ ਮੰਨਿਆ ਜਾਂਦਾ ਹੈ ਤੇ ਕਈ ਦਰੱਖਤਾਂ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਕਈ ਜਾਨਵਰ ਪਵਿੱਤਰ ਹਨ। ਜਿਵੇਂ ਦੁਸਹਿਰੇ ਵਾਲੇ ਦਿਨ ਗਰੜਫੰਘ ਪੰਛੀ ਦੇ ਦਰਸ਼ਨ ਕਰਨੇ ਚੰਗੇ ਸਮਝੇ ਜਾਂਦੇ ਹਨ।ਉੱਲੂ ਦਾ ਬੋਲਣਾ ਮਾੜਾ ਸਮਝਿਆ ਜਾਂਦਾ ਹੈ।ਕੁੱਤੇ ਦਾ ਰਾਤ ਨੂੰ ਰੋਣਾ ਮੌਤ ਦੇ ਨੇੜੇ ਆਉਣ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਕਿਉਂਕਿ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਕੁੱਤੇ ਨੂੰ ਯਮਦੂਤ ਦਿਖਾਈ ਦਿੰਦੇ ਹਨ ਉਹ ਤਦ ਰੋਂਦਾ ਹੈ। ਕਈ ਦਰਖੱਤਾਂ ਉਤੇ ਭੂਤਾਂ ਚੁੜੇਲਾਂ ਦਾ ਵਾਸਾ ਮੰਨਿਆ ਜਾਂਦਾ ਹੈ, ਜੋ ਲੋਕਾਂ ਨੂੰ ਚਿੰਬੜ ਜਾਂਦੀਆਂ ਹਨ। ਇਸੇ ਤਰ੍ਹਾਂ ਕਈ ਤਲਾਬ ਜਾਂ ਟੋਭੇ ਬਾਰੇ ਇਹ ਮਿੱਥ ਹੁੰਦੀ ਹੈ ਕਿ ਉਥੇ ਇਸ਼ਨਾਨ ਕਰਨ ਨਾਲ ਸਰੀਰ ਦੇ ਦੁੱਖ ਦੂਰ ਹੋ ਜਾਂਦੇ ਹਨ। ਕਬਰਸਤਾਨ ਤੇ ਮੜ੍ਹੀਆਂ ਵਿਚ ਮੁਰਦਿਆਂ ਦੀਆਂ ਰੂਹਾਂ ਭਰਮਦੀਆਂ ਮੰਨੀਆਂ ਜਾਂਦੀਆਂ ਹਨ। ਇਹਨਾਂ ਰੂਹਾਂ ਨੂੰ ਸਿਆਣੇ (ਜਾਦੂਗਰ) ਲੋਕ ਕਾਬੂ ਕਰ ਲੈਂਦੇ ਹਨ ਤੇ ਉਹ ਫਿਰ ਇਹਨਾਂ ਤੋਂ ਮਨ ਚਾਹਿਆ ਕੰਮ ਕਰਵਾਉਂਦੇ ਹਨ। ਅਜਿਹੇ ਇਨ੍ਹਾਂ ਪ੍ਰਾਚੀਨ ਲੋਕਾਂ ਦੇ ਵਿਸ਼ਵਾਸ ਹਨ।

### 1.4.5 ਸਿੱਟਾ :

ਸਾਡੇ ਸਮਾਜ ਵਿਚ ਹੋਰ ਵੀ ਬਹੁਤ ਸਾਰੇ ਮਿੱਥ ਮਿਲਦੇ ਹਨ, ਪਰ ਅਸੀਂ ਦੈਨਿਕ ਕਰਮਾਂ ਦੇ ਮਿੱਥਾਂ ਦੀਆਂ ਕੁਝ ਉਦਾਹਰਣਾਂ ਹੀ ਦਿੱਤੀਆਂ ਹਨ। ਭਾਵੇਂ ਅੱਜ ਸਭਿਅਤਾ ਸਿੱਖਿਅਕ ਹੋ ਚੁੱਕੀ ਹੈ ਪਰ ਅੱਜ ਵੀ ਬਹੁਤ ਸਾਰੀ ਸੋਚ, ਸਮਝ, ਸੁਭਾਓ ਤੇ ਵਿਸ਼ਵਾਸ ਪੀੜ੍ਹੀ ਦਰ ਪੀੜ੍ਹੀ ਸਾਡੇ ਨਾਲ ਚੱਲੇ ਆ ਰਹੇ ਹਨ। ਇਸ ਲਈ ਮਿੱਥ ਉਹ ਵਿਗਿਆਨ ਹੈ ਜਿਸ ਦੁਆਰਾ ਅਸੀਂ ਪੁਰਾਣੀਆਂ ਗਾਥਾਵਾਂ ਨੂੰ ਪੜ੍ਹ ਕੇ ਮੁੱਢਲੇ ਮਨੁੱਖ ਦੀ

ਕੁਦਰਤ ਪ੍ਰਤੀ ਕਲਪਨਾ, ਦੇਵੀ ਦੇਵਤਿਆਂ ਬਾਰੇ ਗਿਆਨ ਪ੍ਰਾਪਤ ਕਰਦੇ ਹਾਂ। ਉਹ ਮਨੁੱਖ ਵੀ ਕਿੰਨੇ ਮਹਾਨ ਹੋਣਗੇ, ਜਿਨ੍ਹਾਂ ਨੇ ਕਲਪਨਾ ਰਾਹੀਂ ਅਜਿਹੀਆਂ ਸੁੰਦਰ ਤੇ ਰਸਦਾਇਕ ਕਹਾਣੀਆਂ ਦੀ ਰਚਨਾ ਕੀਤੀ। ਪੰਡਿਤ ਜਵਾਹਰ ਲਾਲ ਨਹਿਰੂ ਭਾਰਤੀ ਮਿਥਿਹਾਸ ਪ੍ਰਤੀ ਲਿਖਦੇ ਹਨ, ''ਭਾਰਤੀ ਮਿਥਿਹਾਸ ਕਿੰਨਾ ਅਮੀਰ, ਵਿਸ਼ਾਲ ਤੇ ਸੁੰਦਰ ਹੈ। ਇਹ ਕਿੰਨਾ ਅਰਥ ਭਰਪੂਰ ਹੈ, ਮੈਨੂੰ ਇਹ ਪੜ੍ਹ ਕੇ ਕਈ ਵਾਰ ਬੜੀ ਹੈਰਾਨੀ ਹੋਈ ਕਿ ਉਹ ਮਨੁੱਖ ਕਿਹੋ ਜਿਹੀ ਉਚੀ ਪ੍ਰਤਿਭਾ ਦੇ ਮਾਲਕ ਹੋਣਗੇ, ਜਿਹਨਾਂ ਨੇ ਅਜਿਹੀਆਂ ਕਹਾਣੀਆਂ ਨੂੰ ਆਪਣੀ ਕਲਪਨਾ ਤੇ ਸੁਪਨਿਆਂ ਚੋਂ ਐਨੇ ਸੁਹਣੇ ਤੇ ਰਸਦਾਇਕ ਰੂਪ ਵਿਚ ਜਨਮ ਦਿੱਤਾ।

**1.4.6 ਪ੍ਰਸ਼ਨ :**

1. ਮਿੱਥ ਤੋਂ ਕੀ ਭਾਵ ਹੈ ? ਇਯਦੇ ਸਰੂਪ ਤੇ ਚਰਚਾ ਕਰੋ।
2. 'ਮਿੱਥ ਮਨੁੱਖੀ ਵਿਸ਼ਵਾਸ ਦੀ ਅਨਿੱਖੜ ਅੰਗ ਹੈ? ਇਸ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।

**1.4.7 ਪੁਸਤਕਾਂ :**

1. ਧਰਮ ਦੀ ਉਤਪਤੀ ਤੇ ਵਿਕਾਸ : ਜੀ.ਐਸ. ਤਾਲਿਬ
2. ਧਰਮ ਦੀ ਉਤਪਤੀ ਤੇ ਵਿਕਾਸ : ਐਫ. ਮੈਕਸਮੂਲਰ

ਪਾਠ ਨੰ: 1.5

# ਜਾਦੂ (Magic) ਤੇ ਟੈਬੂ

1.5.1 ਉਦੇਸ਼
1.5.2 ਭੂਮਿਕਾ
1.5.3 ਜਾਦੂ : ਅਰਥ ਅਤੇ ਪਰਿਭਾਸ਼ਾ
1.5.4 ਭਰਮ ਅਤੇ ਜਾਦੂ ਦਾ ਪਰਸਪਰ ਸੰਬੰਧ
1.5.5 ਟੈਬੂ (Taboo)
1.5.6 ਸਿੱਟਾ
1.5.7 ਪ੍ਰਸ਼ਨ
1.5.8 ਸਹਾਇਕ ਪੁਸਤਕਾਂ

**1.5.1 ਉਦੇਸ਼ :**

ਇਸ ਪਾਠ ਵਿਚ ਵਿਦਿਆਰਥੀਆਂ ਨੂੰ ਜਾਣੂ ਅਤੇ ਟੈਬੂ ਬਾਰੇ ਜਾਣਾਕਰੀ ਦਿਤੀ ਗਈਹੈ। ਇਹ ਦੋਵੇਂ ਵਿਸ਼ਵਾਸ ਸਮਾਜ ਵਿਚ ਕਿਹੋ ਜਿਹਾ ਰੋਲ ਆਦ ਕਰਦੇ ਹਨ ਇਸ ਬਾਰੇ ਵੀ ਦੱਸਣਾ ਇਸ ਪਾਠ ਦਾ ਉਦੇਸ਼ ਹੈ।

**1.5.2 ਭੂਮਿਕਾ :**

ਇਸ ਪਾਠ ਦੇ ਅੰਤਰਗਤ ਜਾਦੂ ਅਤੇ ਧਰਮ ਦੇ ਆਪਸੀ ਸਬੰਧਾਂ ਉਪਰ ਵਿਚਾਰ ਕਰਦਿਆਂ ਇਹਨਾਂ ਵਿਚਲੀ ਨੇੜਤਾ ਅਤੇ ਵੱਖਰਤਾ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਧਰਮ ਮਨੁੱਖੀ ਮਨ ਵਿਚੋਂ ਡਰ ਅਤੇ ਭੈ ਨੂੰ ਮਿਟਾਉਂਦਾ ਹੈ ਜਦੋਂ ਕਿ ਜਾਦੂ ਇਸ ਭੈ ਅਤੇ ਡਰ ਨੂੰ ਆਧਾਰ ਬਣਾ ਕੇ ਮਨੁੱਖ ਨੂੰ ਅਸਚਰਜਤਾ ਅਤੇ ਹੈਰਾਨੀ ਵਿਚ ਪਾਉਂਦਾ ਹੈ। ਜਾਦੂ ਅਤੇ ਟੈਬੂ ਦਾ ਅਧਿਐਨ ਇਸ ਪਾਠ ਵਿਚ ਕੀਤਾ ਗਿਆ ਹੈ।

**1.5.3 ਜਾਦੂ : ਅਰਥ ਅਤੇ ਪਰਿਭਾਸ਼ਾ :**

ਜਾਦੂ : ਜਾਦੂ ਨੂੰ ਅੰਗਰੇਜ਼ੀ ਵਿੱਚ ਮੈਜਿਕ ਕਿਹਾ ਜਾਂਦਾ ਹੈ। ਮੈਜਿਕ ਸ਼ਬਦ ਯੂਨਾਨੀ ਸ਼ਬਦ ਮੈਜੀਕੋਸ (Magikos) ਤੋਂ ਨਿਕਲਿਆ ਹੈ, ਜਿਹੜਾ ਕਿ ਫਾਰਸੀ ਸ਼ਬਦ ਮੇਗਾਈ (ਮਜੂਸ) ਦੇ ਰਮਜ਼ ਭਰੇ ਅਭਿਆਸਾਂ ਵੱਲ ਸੰਕੇਤ ਕਰਦਾ ਹੈ। ਜਾਦੂ ਦਾ ਧਰਮ ਨਾਲ ਸਦੀਵੀ ਕਾਲ ਤੋਂ ਸਬੰਧ ਰਿਹਾ ਹੈ। ਜਾਦੂ ਕਰਨ ਵਾਲੇ ਲੋਕ ਧਰਮ ਗ੍ਰੰਥਾਂ ਦੀਆਂ ਪੰਕਤੀਆਂ ਉਚਾਰਕੇ ਹੀ ਵਚਿੱਤਰ ਕਿਸਮ ਦਾ ਵਾਤਾਵਰਣ ਪੈਦਾ ਕਰਦੇ ਹਨ। ਹੀਗਲ ਦਾ ਸਿਧਾਂਤ ਸੀ ਕਿ ਧਰਮ ਦਾ ਸਬੰਧ ਨਿਰੋਲ ਭੌਤਿਕ ਸੰਸਾਰ ੈਨਾਲ ਹੈ। ਪਰਾਭੌਤਿਕਤਾ ਨਾਲ ਇਸ ਦਾ ਕੋਈ ਸਬੰਧ ਨਹੀਂ ਰੂਹਾਨੀਅਤ, ਗੈਬੀ ਸ਼ਕਤੀਆਂ, ਪੁਨਰਜਨਮ ਆਦਿਕ ਸਭ ਧਾਰਨਾਵਾਂ ਐਵੇਂ ਮਨਘੜਤ ਹਨ। ਹੀਗਲ ਦਾ ਇਹ ਮੱਤ ਕਾਫੀ ਲੋਕਾਂ ਵਿਚ ਤਾਂ ਪ੍ਰਵਾਣਿਤ ਰਿਹਾ ਪਰ ਇਸ ਨੂੰ ਸਰਬ ਵਿਆਪਕ ਸਮਰਥਨ ਕਦੀ ਵੀ ਪ੍ਰਾਪਤ ਨਹੀਂ ਹੋਇਆ। ਹੀਗਲ ਆਖਦਾ ਸੀ ਕਿ ਅਦ੍ਰਿਸ਼ਟਮਾਨ ਦਾ ਖੌਫ ਦ੍ਰਿਸ਼ਟਮਾਨ ਸੰਸਾਰ ਸਬੰਧੀ ਭੁੱਲ ਭੁਲੱਈਆਂ ਕਾਰਨ ਹੋਂਦ ਵਿਚ ਆਇਆ ਜਿਸ ਵਿਚੋਂ ਧਰਮ ਅਤੇ ਜਾਦੂ ਪੈਦਾ ਹੋਏ।

ਈ.ਓ. ਜੇਮਜ਼ ਲਿਖਦੇ ਹਨ ਕਿ ਜਿਉਂ ਜਿਉਂ ਗੰਭੀਰਤਾ ਨਾਲ ਜਾਦੂ ਦਾ ਅਧਿਐਨ ਕਰਦੇ ਜਾਈਏ ਤਿਉਂ ਤਿਉਂ ਸਾਨੂੰ ਪਤਾ ਲਗਦਾ ਹੈ ਕਿ ਇਹ ਬੜਾ ਨਿਯਮਬੱਧ ਅਤੇ ਅਨੁਸ਼ਾਸਨ ਬੱਧ ਵਿਧਾਨ ਹੈ। ਧਰਮ ਨਾਲੋਂ ਇਹ ਇੱਕ ਗੱਲੋਂ ਵੱਖਰਾ ਹੈ। ਧਰਮ ਸਿਖਾਉਂਦਾ ਹੈ ਕਿ ਕੋਈ ਗੈਬੀ ਸ਼ਕਤੀ ਜੋ ਬੇਅੰਤ ਸੱਤਾ ਦੀ ਮਾਲਕ

ਹੈ, ਕੁਦਰਤ ਉਤੇ ਕੰਟਰੋਲ ਕਰ ਰਹੀ ਹੈ ਤੇ ਸਾਡਾ ਉਸ ਉੱਤੇ ਕੋਈ ਵੱਸ ਨਹੀਂ – ਅਸੀਂ ਉਸਦੇ ਵੱਸ ਵਿਚ ਹਾਂ, ਕਠਪੁਤਲੀਆਂ ਵਾਂਗ। ਜਾਦੂ ਦਾ ਸਿਧਾਂਤ ਉਲਟ ਹੈ। ਉਹ ਇਹ ਕਿ ਕੁਦਰਤ ਵਿਚ ਗੈਬੀ ਸ਼ਕਤੀਆਂ ਤਾਂ ਹਨ ਪਰ ਜੇ ਚਾਹੇ ਅਤੇ ਜੇ ਅਭਿਆਸ ਕਰੇ ਤਾਂ ਮਨੁੱਖ ਉਨ੍ਹਾਂ ਤੋਂ ਉਸੇ ਪ੍ਰਕਾਰ ਕੰਮ ਲੈ ਸਕਦਾ ਹੈ ਜਿਵੇਂ ਆਪਣੇ ਪਾਲਤੂ ਜਾਨਵਰਾਂ ਤੋਂ ਕੰਮ ਲੈਂਦਾ ਹੈ। ਜਾਦੂਗਰ ਵਾਸਤੇ ਕੋਈ ਚੀਜ਼ ਅਦਿੱਖ ਨਹੀਂ ਅਤੇ ਕੁਝ ਵੀ ਡਰਾਉਣਾ ਨਹੀਂ। ਉਹ ਚਾਹੇ ਤਾਂ ਕਿਸੇ ਦਾ ਭਲਾ ਕਰ ਸਕਦਾ ਹੈ, ਚਾਹੇ ਤਾਂ ਨੁਕਸਾਨ ਕਰ ਸਕਦਾ ਹੈ। ਇਸ ਨਿੱਕੇ ਜਿਹੇ ਸੰਸਾਰ ਵਿਚ ਉਹ ਰੱਬ ਸਮਾਨ ਵਿਚਰਦਾ ਹੈ। ਜਾਦੂ ਆਦਮੀ ਰਾਹੀਂ ਕ੍ਰਿਆਸ਼ੀਲ ਹੁੰਦਾ ਹੈ ਅਤੇ ਜਾਦੂ ਦੀ ਵਿਦਿਆ ਖਾਸ ਵਿਧੀਆਂ ਅਤੇ ਰਸਮਾਂ ਰਾਹੀਂ ਇੱਕ ਮਨੁੱਖ ਤੋਂ ਦੂਜੇ ਤੱਕ ਸੰਚਾਰ ਕਰਦੀ ਹੈ।

ਜਾਦੂ ਤੋਂ ਅਨੇਕ ਕੰਮ ਲਏ ਜਾਂਦੇ ਹਨ, ਬਾਰਸ਼ ਪਵਾਉਣੀ ਜਾਂ ਵਧੀਕ ਬਾਰਸ਼ ਰੁਕਵਾਉਣੀ, ਖੂੰਖਾਰ ਜਾਨਵਰਾਂ ਨੂੰ ਵੱਸ ਵਿੱਚ ਕਰਨਾ, ਦੁਸ਼ਮਣ ਨੂੰ ਜ਼ਖਮੀ ਕਰਨਾ ਤੇ ਜਿਸ ਨੂੰ ਪਿਆਰ ਕਰਦੇ ਹੋਈਏ ਉਸ ਨੂੰ ਆਪਣੇ ਵੱਲ ਆਕਰਸ਼ਤ ਕਰਨਾ, ਆਦਿਕ ਸੈਂਕੜੇ ਕਾਰਜ ਹੋ ਸਕਦੇ ਹਨ, ਜਾਦੂ ਟੂਣੇ ਕਰਨ ਵਾਲਿਆਂ ਨੂੰ 'ਸਿਆਣੇ' ਕਿਹਾ ਜਾਂਦਾ ਹੈ।

ਪ੍ਰਾਚੀਨ ਕਾਲ ਵਿਚ ਸਿਆਣੇ ਜਾਂ ਵੈਦ ਹੀ ਜਾਦੂ ਟੂਣੇ ਜੰਤਰ ਮੰਤਰ ਕਰਦੇ ਸਨ।ਇਨ੍ਹਾਂ ਨੂੰ ਸੰਮਣ ਵੀ ਕਿਹਾ ਜਾਂਦਾ ਹੈ। ਸੰਮਣ ਤੁਰੰਗੇਸ ਬੋਲੀ ਦਾ ਸ਼ਬਦ ਹੈ ਜਿਸ ਤੋਂ ਭਾਵ ਉਹ ਇਸਤਰੀ ਜਾਂ ਮਰਦ ਹੈ ਜੋ ਗੈਬੀ ਸ਼ਕਤੀ ਦੁਆਰਾ ਬੀਮਾਰੀ ਦੀ ਪੜਤਾਲ ਕਰਦੇ ਹਨ ਤੇ ਫਿਰ ਰੋਗਾਂ ਦਾ ਇਲਾਜ ਕਰਦੇ ਹਨ। ਇਥੇ ਚੇਤੇ ਰੱਖਣਯੋਗ ਗੱਲ ਇਹ ਹੈ ਕਿ ਹਰ ਬਿਮਾਰੀ ਜਾਂ ਜ਼ਖਮ ਦਾ ਕਾਰਨ ਕਿਸੇ ਰੂਹ ਦਾ ਨਾਰਾਜ਼ ਹੋਣਾ ਮੰਨਿਆ ਜਾਂਦਾ ਸੀ। ਜਦ ਤੱਕ ਇਹ ਰੂਹ ਟਲਦੀ ਨਹੀਂ ਕੋਈ ਦਵਾਈ ਅਸਰ ਨਹੀਂ ਕਰਦੀ। ਸਿਆਣੇ ਦਵਾਈਆਂ ਬੂਟੀਆਂ ਦੇ ਖਿਲਾਫ ਨਹੀਂ ਹਨ। ਉਹ ਜਾਦੂ ਟੂਣੇ ਕਰਦੇ ਹਨ ਤਾਂ ਕਿ ਦਵਾਈਆਂ ਲਗ ਸਕਣ। ਉਹ ਮਰੇ ਬੰਦਿਆਂ ਨਾਲ ਗੱਲਾਂ ਕਰਵਾ ਦਿੰਦੇ ਹਨ, ਗੁੰਮ ਹੋਈਆਂ ਵਸਤਾਂ ਲੱਭ ਦਿੰਦੇ ਹਨ, ਧੀਆਂ ਪੁੱਤਰ ਦੇ ਦਿੰਦੇ ਹਨ। ਇਹ ਲੋਕ ਪੁਜਾਰੀ ਨਹੀਂ ਹੁੰਦੇ ਇਹ ਨਿਤਾਪ੍ਰਤੀ ਦੀਆਂ ਧਾਰਮਿਕ ਰਸਮਾਂ ਰੀਤਾਂ ਨਿਭਾਉਂਦੇ ਹਨ। ਇਹ ਗਾਣ ਵਜਾਣ, ਢੋਲ ਢਮੱਕੇ ਦਾ ਕੰਮ ਜ਼ਰੂਰ ਕਰਦੇ ਹਨ। ਧੂਣੀਆਂ ਧੁਖਾਉਂਦੇ ਹਨ, ਧੂਫਾਂ ਬਾਲਦੇ ਹਨ ਅਤੇ ਚਿਮਟੇ ਖੜਕਾਉਂਦੇਹਨ।

ਜਾਦੂ ਕੁੱਲ ਦੁਨੀਆਂ ਵਿਚ ਪ੍ਰਚਲਿਤ ਰਿਹਾ ਹੈ ਅਤੇ ਅੱਜ ਵੀ ਮੌਜੂਦ ਹੈ। 'ਸਿਆਣਾ ਆਮ ਲੋਕਾਂ ਅਤੇ ਦੇਵਤਿਆਂ ਵਿਚਕਾਰ ਵਿਚੋਲਾ ਹੈ। ਇਹ ਭੂਤ ਪ੍ਰੇਤਾਂ ਨਾਲ ਗੱਲਾਂ ਕਰਦਾ ਹੈ ਤੇ ਗੁੱਝੇ ਭੇਦ ਪ੍ਰਗਟ ਕਰਦਾ ਹੈ। ਜਾਪਾਨ ਵਿਚ ਸਿਆਣੇ ਪੀੜ੍ਹੀ ਦਰ ਪੀੜ੍ਹੀ ਨਹੀਂ ਬਣਦੇ। ਕਿਸੇ ਕਿਸੇ ਨੌਜਵਾਨ ਨੂੰ ਅੰਦਰੋਂ ਪ੍ਰੇਰਣਾ ਮਿਲਦੀ ਹੈ ਤੇ ਉਹ ਇਕਾਂਤ ਵਿਚ ਭੂਤਾਂ ਪ੍ਰੇਤਾਂ ਨਾਲ ਵਿਹਾਰ ਕਰਦੇ ਹਨ। ਇਹ ਨੌਜਵਾਨ ਨਾ ਪਾਗਲ ਹੁੰਦੇ ਹਨ, ਨਾ ਮਿਰਗੀ ਦੇ ਰੋਗੀ, ਪਰ ਇਨ੍ਹਾਂ ਨੂੰ ਜਿਹੜੇ ਦੌਰੇ ਪੈਂਦੇ ਹਨ ਉਹ ਪਾਗਲਪਣ ਵਾਲੇ ਅਤੇ ਮਿਰਗੀ ਵਾਲਿਆਂ ਵਰਗੇ ਹੁੰਦੇ ਹਨ। ਇਹ ਆਖਦੇ ਹਨ ਕਿ ਅਸੀਂ ਜਿੰਨ ਭੂਤ ਨੂੰ ਗਿੱਚੀ ਤੋਂ ਫੜ ਕੇ ਕੱਢ ਦਿੰਦੇ ਹਾਂ। ਧਰੁਵਾਂ ਉਤੇ ਵਸਦੇ ਐਸ਼ਕੀਮੋ ਸਿਆਣੇ ਨੂੰ ਅੰਗਾਕੋਕ ਆਖਦੇ ਹਨ। ਅੰਗਾਕੋਕ ਤੂਫਾਨ ਉਠਾ ਸਕਦਾ ਹੈ। ਉੱਠਿਆ ਤੂਫਾਨ ਸ਼ਾਂਤ ਕਰ ਸਕਦਾ ਹੈ ਸੀਲ ਮੱਛੀਆ ਫੜ ਸਕਦਾ ਹੈ, ਫੜੀਆਂ ਫੜਾਈਆਂ ਭਜਾ ਸਕਦਾ ਹੈ। ਉਹ ਬੱਦਲਾਂ ਉੱਤੇ ਉੱਡ ਸਕਦਾ ਹੈ, ਪਾਣੀ ਉਤੇ ਤੁਰ ਸਕਦਾ ਹੈ। ਇਹ ਸਿਆਣੇ ਢੋਲ ਕੁੱਟਦੇ ਹਨ, ਚੀਕਾਂ ਮਾਰਦੇ ਹਨ, ਵਾਲ ਖੋਲ੍ਹ ਲੈਂਦੇ ਹਨ, ਕੰਬਦੇ ਹਨ, ਨੱਚਦੇ ਹਨ ਤੇ ਦਰਸ਼ਕਾਂ ਨੂੰ ਭੈਭੀਤ ਕਰ ਦਿੰਦੇ ਹਨ। ਜਿਹੜੀ ਬੋਲੀ ਉਹ ਬੋਲਦੇ ਹਨ ਕਿਸੇ ਨੂੰ ਸਮਝ ਵਿੱਚ ਨਹੀਂ ਆਉਂਦੀ। ਸ਼ੇਰ ਵਰਗੀਆਂ ਖੂੰਖਾਰ ਜਿੰਨ ਰੂਹਾਂ ਮੇਮਣੇ ਵਾਂਗ ਇਨ੍ਹਾਂ ਅੱਗੇ ਸਿਰ ਸੁੱਟ ਦੇਂਦੀਆਂ ਹਨ।

ਕੋਈ ਕੋਈ ਰੁੱਖ ਜਾਂ ਪੱਥਰ ਜਾਂ ਖੂਹ ਅਜਿਹਾ ਹੁੰਦਾ ਜਿਸ ਵਿਚ ਜਿੰਨ ਦਾ ਵਾਸਾ ਹੈ। ਕਿਸੇ ਕਿਸੇ ਹੱਡੀ ਵਿੱਚ ਆਪਣੇ ਮਾਲਕ ਦੀ ਰੂਹ ਵਸਦੀ ਹੁੰਦੀ ਹੈ। ਸੋ ਭੌਤਿਕ ਚੀਜ਼ਾਂ ਵਿਚ ਪਰਾਭੌਤਿਕ ਰੂਹਾਂ ਦੀ ਪਛਾਣ ਦਾ ਕਾਰਜ ਜਾਦੂ ਹੈ। ਸਿਆਣਾ ਇਨ੍ਹਾਂ ਰੂਹਾਂ ਤੋਂ ਮਨਇਛਿਤ ਕੰਮ ਕਰਵਾਉਂਦਾ ਹੈ ਜੇ ਕੋਈ ਨੇਜ਼ੇਕਾਜ਼ ਨੇਜ਼ਾਂ ਚਲਾਉਣ

ਵਿਚ ਮਾਹਿਰ ਹੋਣਾ ਚਾਹੇ, ਭਲਵਾਨ ਅਖਾੜਾ ਜਿੱਤਣਾ ਚਾਹੇ ਤਾਂ ਸਿਆਣਾ ਤਵੀਤ ਕਰਕੇ ਉਸ ਦੀ ਬਾਂਹ, ਲੱਕ ਜਾਂ ਗਲ ਨਾਲ ਬੰਨ੍ਹ ਦਿੰਦਾ ਹੈ। ਜੇ ਕਿਸੇ ਬੰਦੇ ਦੀਆਂ ਫਸਲਾਂ ਅਤੇ ਪਸ਼ੂ ਠੀਕ ਨਹੀਂ ਵਧ ਰਹੇ ਤਾਂ ਇਸ ਦਾ ਭਾਵ ਇਹ ਨਹੀਂ ਕਿ ਉਹ ਅੱਛਾ ਕਾਸ਼ਤਕਾਰ ਨਹੀਂ, ਸਗੋਂ ਉਸ ਉੱਤੇ ਪਰੇਤ ਕਰੋਧਵਾਨ ਹੈ।

### 1.5.4 ਭਰਮ ਅਤੇ ਜਾਦੂ ਦਾ ਪਰਸਪਰ ਸੰਬੰਧ

ਆਦ੍ਰਿਸ਼ਟ ਵਿੱਚ ਵਿਸ਼ਵਾਸ ਧਰਮ ਦੀ ਸ਼ੁਰੂਆਤ ਸੀ ਤੇ ਦਾਰਸ਼ਨਿਕ ਆਖਦੇ ਹਨ ਕਿ ਜਾਦੂ ਬਾਦ ਵਿੱਚ ਹੋਂਦ ਵਿਚ ਆਇਆ। ਇਹ ਵੀ ਕਿਹਾ ਜਾਂਦਾ ਹੈ ਕਿ ਜਾਦੂ ਦਾ ਪੈਦਾ ਹੋਣਾ ਧਰਮ ਦਾ ਪਿਛਾਂਹ ਵੱਲ ਨੂੰ ਚਲੇ ਜਾਣਾ ਹੈ। ਜਾਦੂ, ਧਰਮ ਦੀ ਅਧੋਗਤੀ ਹੈ। ਇਹੀ ਕਾਰਨ ਹੈ ਕਿ ਵੱਡੇ ਸੰਤ ਮਹਾਤਮਾ ਜਾਦੂ ਦੇ ਖਿਲਾਫ਼ ਰਹੇ ਹਨ। ਰੇਜ਼ਰ ਅਤੇ ਹੀਗਲ ਆਖਦੇ ਹਨ ਕਿ ਜਾਦੂ ਪਹਿਲਾਂ ਜਨਮਿਆ, ਧਰਮ ਪਿੱਛੋਂ ਹਰਮਨ ਪਿਆਰਾ ਹੋਇਆ। ਭਰਮ ਦਾ ਰਸਤਾ ਨਿਮਰਤਾ ਦਾ, ਤਿਆਗ ਦਾ, ਹਮਦਰਦੀ ਦਾ ਪ੍ਰਾਰਥਨਾਵਾਂ ਕਰਨ ਦਾ ਰਸਤਾ ਹੈ। ਕੁਦਰਤ ਦੇ ਵਿਧਾਨ ਨਾਲ ਇਕ ਸੁਰ ਹੋਣ ਨੂੰ ਧਰਮ ਕਹਿੰਦੇ ਹਨ। ਇਸ ਦੇ ਉਲਟ ਜਾਦੂ ਦਾ ਵਿਧਾਨ ਇਹ ਹੈ ਕਿ ਕੁਦਰਤ ਮਨੁੱਖ ਨਾਲ ਇਕ-ਸੁਰ ਨਹੀਂ ਤਾਂ ਇਕ-ਸੁਰ ਕੀਤੀ ਜਾ ਸਕਦੀ ਹੈ। ਧਰਮ ਹੁਕਮ ਮੰਨਣਾ, ਭਾਸ਼ਾ ਮੰਨਣਾ ਸਿਖਾਉਂਦਾ ਹੈ, ਜਾਦੂ ਹੁਕਮ ਦਿੰਦਾ ਹੈ ਤੇ ਆਪ ਨਫੇ ਜਾਂ ਨੁਕਸਾਨ ਦਾ ਕਾਰਨ ਬਣਦਾ ਹੈ।

ਜਿਨ੍ਹਾਂ ਗੱਲਾਂ ਨੂੰ ਅਸੀਂ ਅੱਜ ਵਹਿਮ ਭਰਮ ਅਤੇ ਪਾਖੰਡ ਆਖਦੇ ਹਾਂ, ਪੁਰਾਣੇ ਲੋਕਾਂ ਲਈ ਇਹ ਸਭ ਕੁਝ ਧਰਮ ਸੀ। ਬੇਸ਼ਕ ਵਿਦਿਆ ਦੇ ਪਾਸਾਰ ਨੇ ਅੰਧਵਿਸ਼ਵਾਸ ਘਟਾਇਆ ਹੈ ਪਰ ਅੱਜ ਵੀ ਬਹੁਤ ਲੋਕਾਂ ਲਈ ਪ੍ਰੇਤ, ਜਿੰਨ, ਪਿੱਤਰ ਅਤੇ ਜਾਦੂ ਟੂਣੇ ਬਿਲਕੁਲ ਸੱਚ ਹਨ। ਜਿਵੇਂ ਸਾਨੂੰ ਅਧਿਆਪਕ ਅਤੇ ਡਾਕਟਰ ਦੀ ਲੋੜ ਹੈ ਇਸੇ ਪ੍ਰਕਾਰ ਅੱਜ ਵੀ ਬਹੁਤ ਸਾਰੇ ਲੋਕਾਂ ਨੂੰ 'ਸਿਆਣੇ' ਦੀ ਜ਼ਰੂਰਤ ਹੈ ਜਿਵੇਂ ਧਰਮ ਵਿੱਚ ਮੱਥਾ ਟੇਕਣ, ਪੂਜਾ ਕਰਨ, ਅਰਦਾਸ ਕਰਨ ਅਤੇ ਸੁੱਚ ਰੱਖਣ ਦੀ ਲੋੜ ਹੈ ਇਵੇਂ ਹੀ ਜਾਦੂ ਵਿਚ ਤੰਤਰ ਕ੍ਰਿਆਵਾਂ ਪ੍ਰਚਲਿਤ ਹਨ।

ਜਾਦੂ ਦੀਆਂ ਦੋ ਕਿਸਮਾਂ ਮੰਨੀਆਂ ਗਈਆਂ ਹਨ: 1. ਸਫੇਦ ਜਾਂ ਚਿੱਟਾ ਜਾਦੂ 2. ਕਾਲਾ ਜਾਦੂ। ਸਫੇਦ ਜਾਦੂ ਤਾਂ ਉਨ੍ਹਾਂ ਕ੍ਰਿਆਵਾਂ ਨਾਲ ਸੰਬੰਧਿਤ ਹੈ ਜੋ ਭਲਾ ਕਰਦੀਆਂ ਹਨ, ਬੀਮਾਰੀ ਦਾ ਇਲਾਜ ਕਰਦੀਆਂ ਹਨ, ਫਸਲ ਪੈਦਾ ਕਰਨ ਵਿਚ ਸਹਾਇਕ ਹਨ ਆਦਿ। ਪਰ ਕਾਲਾ ਜਾਦੂ ਦੁਸ਼ਮਣਾਂ ਦਾ ਨੁਕਸਾਨ ਕਰਨ ਵਾਸਤੇ ਕੀਤਾ ਜਾਂਦਾ ਹੈ। ਇਹ ਕਾਲਾ ਜਾਦੂ ਲੋਕਾਂ ਦੀ ਨਜ਼ਰ ਤੋਂ ਛੁਪਾ ਕੇ ਕੀਤਾ ਜਾਂਦਾ ਹੈ। ਜਿਸ ਕਿਸੇ ਦਾ ਨੁਕਸਾਨ ਕਰਨਾ ਹੋਵੇ ਉਸ ਦੇ ਕੁਝ ਵਾਲ, ਨਹੁੰ ਜਾਂ ਕੋਈ ਕੱਪੜਾ ਲੈ ਲਿਆ ਜਾਂਦਾ ਹੈ। ਉਸ ਉੱਤੇ ਮੰਤਰ ਫੂਕ ਕੇ ਉਸਨੂੰ ਕੱਟਿਆ ਜਾਂਦਾ ਹੈ ਤੇ ਸਾੜ ਦਿੱਤਾ ਜਾਂਦਾ ਹੈ। ਇਉਂ ਕਰਨ ਨਾਲ ਮੰਨਿਆ ਜਾਂਦਾ ਹੈ ਕਿ ਜਿਸ ਬੰਦੇ ਉੱਤੇ ਜਾਦੂ ਕੀਤਾ ਗਿਆ ਹੈ ਉਸਦਾ ਭਾਰੀ ਨੁਕਸਾਨ ਹੋਵੇਗਾ।

ਸੰਸਾਰ ਵਿਚ ਜੋ ਕੁਝ ਵਾਪਰ ਰਿਹਾ ਹੈ ਉਹ ਅੱਟਲ ਹੈ। ਵਿਗਿਆਨੀ ਕੁਦਰਤ ਦੇ ਨਿਯਮਾਂ ਨੂੰ ਜਾਣਨ ਦਾ ਯਤਨ ਕਰਦੇ ਹਨ। ਉਹ ਇਨ੍ਹਾਂ ਨਿਯਮਾਂ ਨੂੰ ਬਦਲਣ ਦਾ ਯਤਨ ਨਹੀਂ ਕਰਦੇ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਕੁਦਰਤ ਦਾ ਵਿਧਾਨ ਸਥਿਰ ਹੈ। ਜਾਦੂ ਟੂਣੇ ਵਾਲੇ ਲੋਕ ਇਸ ਵਿਧਾਨ ਨੂੰ ਬਦਲਣ ਦਾ ਦਾਅਵਾ ਕਰਦੇ ਹਨ। ਇਹੀ ਕਾਰਨ ਹੈ ਕਿ ਵਿਗਿਆਨ ਹਮੇਸ਼ਾਂ ਜਾਦੂ ਦੇ ਵਿਰੋਧ ਵਿਚ ਰਹੀ ਹੈ। ਸਿਆਣਿਆਂ ਨੂੰ ਵੀ ਪਤਾ ਹੁੰਦਾ ਹੈ ਕਿ ਜੋ ਉਹ ਕਰ ਰਹੇ ਹਨ ਸਹੀ ਨਹੀਂ ਪਰ ਉਹ ਲੋਕਾਂ ਦੀ ਸਾਧਾਰਣ ਬੁੱਧੀ ਦਾ ਫਾਇਦਾ ਉਠਾਉਂਦੇ ਹਨ।ਦੁਖੀ ਬੰਦਾ ਕਰਾਮਾਤਾਂ ਵਿਚ ਯਕੀਨ ਕਰਨ ਸਹਿਜੇ ਲੱਗ ਜਾਂਦਾ ਹੈ। ਜਦੋਂ ਰੋਗੀ ਲਈ ਕੋਈ ਡਾਕਟਰ/ਵੈਦ ਅਜ਼ਮਾਉਣ ਪਿਛੋਂ ਉਸ ਨੂੰ ਰੋਗ ਤੋਂ ਆਰਾਮ ਨਹੀਂ ਮਿਲਦਾ ਤਾਂ ਉਹ ਸਿਆਣਿਆ ਪਾਸ ਤੁਰ ਪੈਂਦਾ ਹੈ ਕਿ ਸ਼ਾਇਦ ਇਵੇਂ ਠੀਕ ਹੋ ਜਾਵਾਂ। ਸੋ ਜਾਦੂ ਟੂਣੇ ਤੰਤਰ ਮੰਤਰ ਆਦਿ ਕਮਜ਼ੋਰ ਬੁੱਧੀ ਅਤੇ ਰੋਗੀ ਮਨ ਦੀ ਉਪਜ ਹਨ। ਇਸੇ ਲਈ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਵਿਚ ਲਿਖਿਆ ਹੈ।

ਨਾਟਕ ਚੇਟਕ ਕੀਏ ਕੁਕਾਜਾ।

ਪ੍ਰਭ ਲੋਗਨ ਕਹ ਆਵਤ ਲਾਜਾ।

(ਜੰਤਰ ਮੰਤਰ ਆਦਿਕ ਕਰਾਮਾਤਾਂ ਕੁਕਾਜ, ਭਾਵ ਮਾੜੇ ਕੰਮ ਹਨ। ਪ੍ਰਭੂ ਦੇ ਭਗਤਾਂ ਨੂੰ ਇਹ ਕੁਝ ਕਰਦਿਆਂ ਬੜੀ ਸ਼ਰਮ ਆਉਂਦੀ ਹੈ)

### 1.5.5 ਟੈਬੂ (Taboo)

ਅੰਗਰੇਜ਼ੀ ਵਿਚ Taboo ਸ਼ਬਦ ਦੀ ਵਰਤੋਂ ਧਰਮ ਸੰਸਕਾਰਾਂ ਦੇ ਜਿਸ ਵਿਸ਼ਲੇਸ਼ਣ ਹਿਤ ਕੀਤੀ ਜਾਂਦੀ ਹੈ, ਪੰਜਾਬੀ ਵਿਚ ਉਸ ਲਈ ਭਿਟ, ਨਿਖੇਧ, ਮਨਾਹੀ, ਰੋਕ, ਬੰਦਸ਼ ਜਾਂ ਪਰਹੇਜ਼ ਸ਼ਬਦ ਵਰਤੇ ਜਾਂਦੇ ਹਨ। 'ਮਨਾਹੀ' ਉਹ ਧਾਰਮਿਕ ਰੋਕ ਹੈ ਜਿਹੜੀ ਖਾਸ ਵਸਤਾਂ ਨੂੰ ਇਸਤੇਮਾਲ ਕਰਨ ਜਾਂ ਛੂਹਣ ਉਤੇ ਲਾਈ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਮਨ੍ਹਾ ਕੀਤੀਆਂ ਵਸਤਾਂ ਵਰਤਣ ਨਾਲ ਵੱਡਾ ਨੁਕਸਾਨ ਹੋ ਸਕਦਾ ਹੈ। ਮਨਾਹੀ ਵਾਲੀਆਂ ਵਸਤਾਂ ਵਰਤਣ ਨਾਲ ਰੂਹਾਂ ਤਾਂ ਨੁਕਸਾਨ ਕਰਨਗੀਆਂ ਹੀ ਸਮਾਜ ਵੀ ਅਜਿਹੇ ਵਿਅਕਤੀ ਨੂੰ ਸਜ਼ਾ ਦੇਂਦਾ ਹੈ, ਜਿਹੜਾ ਮਨਾਹੀ ਵਾਲੀਆਂ ਵਸਤਾਂ ਵਰਤਣ ਤੋਂ ਨਾ ਰੁਕੇ। ਬੰਦਸ਼ ਵਾਲੀ ਵਸਤੂ ਵਰਤਣ ਦੀ ਸਜ਼ਾ ਪੁਸ਼ਤਾ ਤੱਕ ਵੀ ਭੁਗਤਣੀ ਪੈ ਸਕਦੀ ਹੈ।

ਕੈਪਟਨ ਜੇਮਜ਼ ਕੁੱਕ ਨੇ ਆਪਣੇ ਸਫਰਾਂ ਦੇ ਦੌਰਾਨ ਹਵਾਈ ਟਾਪੂਆਂ ਦੇ ਪੋਲੀਨੀਸ਼ੀਅਨ ਵਸਨੀਕਾਂ ਤੋਂ ਸੁਣਿਆ ਤੇ ਪਹਿਲੀ ਵੇਰ ਪੱਛਮੀ ਦੁਨੀਆਂ ਨੂੰ ਇਸ ਦਾ ਬੋਧ ਕੁੱਕ ਨੇ ਹੀ ਕਰਵਾਇਆ। ਜੇਮਜ਼ ਆਖਦੇ ਹਨ ਕਿ ਟੈਬੂ ਸ਼ਬਦ ਦੇ ਬੜੇ ਵਿਸ਼ਾਲ ਅਰਥ ਹਨ ਪਰ ਸਾਦੇ ਲਫ਼ਜ਼ਾਂ ਵਜੋਂ ਅਸੀਂ 'ਰੋਕ' ਸ਼ਬਦ ਦੀ ਵਰਤੋਂ ਕਰ ਸਕਦੇ ਹਾਂ। ਪਾਲੀਨੇਸ਼ੀਅਨ ਧਰਮ ਵਿਚ ਦੋ ਪ੍ਰਕਾਰ ਦੀਆਂ ਵਸਤਾਂ ਮੰਨੀਆਂ ਗਈਆਂ ਹਨ। ਇਕ ਪਵਿੱਤਰ ਤੇ ਦੂਜੀ ਅਪਵਿੱਤਰ। ਪਵਿੱਤਰ ਵਸਤਾਂ ਦੇ ਸੰਪਰਕ ਵਿਚ ਅਪਵਿੱਤਰ ਵਸਤਾਂ ਨਹੀਂ ਆਉਂਣੀਆ ਚਾਹੀਦੀਆਂ। ਰਾਜੇ, ਮਹਾਰਾਜੇ ਵੱਡੇ ਅਫ਼ਸਰ ਅਤੇ ਸੈਨਾਪਤੀ ਆਮ ਲੋਕਾਂ ਦੀ ਛੋਹ ਤੋਂ ਪਰੇ ਰਹਿਣ। ਉਹ ਅਪਵਿੱਤਰ ਹੋ ਕੇ ਆਪਣੀ ਸ਼ਕਤੀ ਗਵਾ ਸਕਦੇ ਹਨ। ਮਾਹਵਾਰੀ ਦੇ ਦਿਨਾਂ ਵਿਚ ਔਰਤਾਂ ਛੂਹਨ ਨਾਲ ਅਪਵਿੱਤਰਤਾ ਆ ਜਾਂਦੀ ਹੈ। ਵੱਡੀ ਕੁਲ ਦੇ ਲੋਕਾਂ ਨੂੰ ਨੀਵੀਂ ਜਾਤੀ ਦੇ ਲੋਕਾਂ ਨਾਲ ਬਹਿਣਾ ਖਲੋਣਾ ਨਹੀਂ ਚਾਹੀਦਾ। ਖਾਣਾ ਵੱਖ-ਵੱਖ ਭਾਂਡਿਆਂ ਵਿਚ ਬਣਾਉਣਾ ਅਤੇ ਵੱਖ ਬੈਠ ਕੇ ਖਾਣਾ ਚਾਹੀਦਾ ਹੈ। ਜਨਮ, ਵਿਆਹ, ਬਿਮਾਰੀ ਅਤੇ ਮੌਤ ਵਕਤ, ਸ਼ਿਕਾਰ ਜਾਣ ਵੇਲੇ ਅਤੇ ਜੰਗ ਦੇ ਮੈਦਾਨ ਵਿਚ ਜਾਣ ਵਕਤ ਖਾਸ ਕਿਸਮ ਦੀਆਂ ਪਾਬੰਦੀਆਂ ਆਇਦ ਕੀਤੀਆਂ ਜਾਂਦੀਆਂ ਹਨ। ਜੇ ਕੋਈ ਖਾਸ ਚੀਜ਼ ਪਹਿਲੋਂ ਟੈਬੂ ਨਹੀਂ ਸੀ, ਦੇਵਤੇ ਅੱਗੇ ਵਿਧੀਪੂਰਵਕ ਪ੍ਰਾਰਥਨਾ ਕਰਕੇ ਉਸ ਨੂੰ ਟੈਬੂ ਬਣਾਇਆ ਜਾ ਸਕਦਾ ਹੈ। ਅੱਜ ਵੀ ਅਸੀਂ ਕੁਝ ਦਰਖਤ ਅਜਿਹੇ ਦੇਖਦੇ ਹਾਂ ਜਿਨ੍ਹਾਂ ਨੂੰ ਕੱਟਣਾ ਤਾਂ ਦੂਰ ਦੀ ਗੱਲ ਛੂਹਣਾ ਵੀ ਪਾਪ ਸਮਝਿਆ ਜਾਂਦਾ ਹੈ। ਕੁਝ ਥਾਵਾਂ ਅਜਿਹੀਆਂ ਰੁੱਖਾਂ ਵਜੋਂ ਛੱਡੀਆਂ ਗਈਆਂ ਹਨ ਜਿਨ੍ਹਾਂ ਵਿਚ ਖੇਤੀ ਕਰਨ ਦੀ ਮਨਾਹੀ ਕੀਤੀ ਗਈ ਹੈ। ਜਿਹੜੀ ਵਸਤ ਦੀ ਮਨਾਹੀ ਹਟਾਉਣੀ ਹੋਵੇ ਪਾਲੀਨੇਸ਼ੀਅਨ ਲੋਕ ਉਸ ਨੂੰ ਲੂਣ ਵਾਲੇ ਪਾਣੀ ਨਾਲ ਧੋ ਦਿੰਦੇ ਹਨ ਜਾਂ ਅੱਗ ਵਿਚ ਪਾ ਦਿੰਦੇ ਹਨ ਤੇ ਖਿਆਲ ਕਰਦੇ ਹਨ ਕਿ ਵਸਤੂ ਸ਼ੁੱਧ ਹੋ ਗਈ। ਅੱਜ ਤੱਕ ਭਾਰਤੀ ਲੋਕ ਅਪਵਿੱਤਰ ਵਸਤੂਆਂ ਨੂੰ ਗੰਗਾ ਜਲ ਨਾਲ ਪਵਿੱਤਰ ਕਰਦੇ ਹਨ। ਗੰਗਾਜਲ ਹਰ ਵਕਤ ਘਰ ਰੱਖਿਆ ਜਾਂਦਾ ਹੈ। ਕੀ ਪਤਾ ਕਿਸ ਵਕਤ ਕਿਹੜੀ ਚੀਜ਼ ਭਿੱਟੀ ਜਾਵੇ? ਜੋ ਕਿਸੇ ਸ਼ੂਦਰ ਨੇ ਉੱਚੀ ਕੁਲ ਦੇ ਬੰਦੇ ਦੇ ਬਰਤਨ ਨੂੰ ਹੱਥ ਲਾ ਦਿੱਤਾ ਤਾਂ ਬਰਤਨ ਭਿੱਟਿਆ ਗਿਆ। ਬੰਦੇ ਉਤੇ ਗੰਗਾ ਜਲ ਦੇ ਛਿਟੇ ਮਾਰੇ ਅਤੇ ਬਰਤਨ ਨੂੰ ਅੱਗ ਵਿਚ ਪਾ ਕੇ ਸ਼ੁੱਧ ਕਰੋ।

ਪੰਜਾਬ ਵਿਚ ਭਿੱਟ ਨਾਲ ਸੰਬੰਧਤ ਇੱਕ ਸ਼ਬਦ 'ਕਸਰ ਹੈ ਜੋ ਅਕਸਰ ਔਰਤਾਂ ਵਰਤਦੀਆਂ ਹਨ। ਕਿਸੇ ਖਾਸ ਥਾਂ ਤੋਂ ਲੰਘਣ ਨਾਲ ਬੱਚਿਆਂ ਨੂੰ 'ਕਸਰ' ਹੋ ਜਾਂਦੀ ਹੈ। ਕਸਰ ਤੋਂ ਭਾਵ ਹੈ ਬੱਚੇ ਨੂੰ ਬੁਖਾਰ ਹੋ ਜਾਣਾ, ਜਾਂ ਬੱਚਾ ਰੋਈ ਜਾ ਰਿਹਾ ਹੈ ਜਾਂ ਫਿਰ ਬੱਚੇ ਦਾ ਰੰਗ ਪੀਲਾ ਪੈਂਦਾ ਜਾ ਰਿਹਾ ਹੈ। 'ਬੱਚਾ ਸੁੱਕ ਗਿਆ ਹੈ' ਇਹ ਆਖਿਆ ਜਾਂਦਾ ਹੈ। ਇਸ ਦੇ ਇਲਾਜ ਲਈ ਸਿਆਣੇ ਪਾਸ ਜਾ ਕੇ ਹਥੌਲਾ (ਹੱਥ ਹੌਲਾ) ਕਰਵਾਇਆ ਜਾਂਦਾ ਹੈ। ਔਰਤਾਂ ਆਪਣੇ ਲਈ ਅਤੇ ਆਪਣੇ ਬੱਚਿਆਂ ਲਈ ਤਵੀਤ ਬਣਵਾ ਕੇ ਬੰਨ੍ਹਦੀਆਂ ਹਨ। ਟੈਬੂ ਵਾਲੀਆਂ ਵਸਤਾਂ ਵਿਚ ਕਿਸੇ ਓਪਰੀ ਰੂਹ ਦਾ ਡੇਰਾ ਹੁੰਦਾ ਹੈ ਤੇ ਰੂਹ ਬੱਚੇ ਨੂੰ ਜਾਂ ਕਿਸੇ ਵੀ ਬੰਦੇ ਨੂੰ ਘੇਰ ਲੈਂਦੀ ਹੈ।

ਤੁਸੀਂ ਦੇਖਿਆ ਹੋਵੇਗਾ ਕਿ ਕਈ ਬੰਦੇ ਕੋਈ ਖਾਸ ਕਿਸਮ ਦਾ ਫਲ ਨਹੀਂ ਖਾਂਦੇ, ਖਾਸ ਕਿਸਮ ਦੇ ਜਾਨਵਰ ਦਾ ਮਾਸ ਨਹੀਂ ਖਾਂਦੇ। ਭਾਰਤੀਆਂ ਲਈ ਤਾਂ ਸਮੁੰਦਰ ਪਾਰ ਕਰਨਾ ਟੈਬੂ ਸੀ ਤੇ ਜਦੋਂ ਗਾਂਧੀ ਜੀ ਵਿਦੇਸ਼ ਪੜ੍ਹਨ ਗਏ ਸਨ ਤਾਂ ਉਨ੍ਹਾਂ ਨੂੰ ਕੱਟੜ ਪੰਥੀਆਂ ਨੇ ਸਮਾਜ ਵਿਚੋਂ ਛੇਕ ਦਿੱਤਾ ਸੀ।

**1.5.6 ਸਿੱਟਾ :**

ਇਸ ਤਰਾਂ ਉਪਰੋਕਤ ਵਰਨਣ ਨਾਲ ਜਾਦੂ ਅਤੇ ਟੈਬੂ ਬਾਰੇ ਬਣੀਆਂ ਧਾਰਨਾਵਾ ਵਿਅਕਤ ਹੁੰਦੀਆਂ ਹਨ। ਜਾਦੂ ਧਰਮ ਦਾ ਮੁੱਢਲਾ ਰੂਪ ਜਾਂ ਧਰਮ ਦੇ ਹੋਣ ਗ੍ਰਹਿਣ ਕਰਨ ਤੋਂ ਪਹਿਲਾ ਦਾ ਵਿਸ਼ਵਾਸ ਮੰਨਿਆ ਜਾਦਾ ਹੈ ਅਤੇ ਟੈਬੂ ਭਾਵ ਨਿਸ਼ੇਧ ਜੋ ਸਮਾਜਿਕ ਜੀਵਨ ਦਾ ਇਕ ਮੁੱਖ ਅੰਗ ਹੈ ਜਿਸ ਵਿਚ ਕਈ ਵਿਸ਼ਵਾਸ ਅਜਿਹੇ ਹਨ ਜਿੰਨਾ ਤੋਂ ਇਕ ਮਨੁੱਖ ਨੂੰ ਵਰਜਿਆ ਜਾਂਦਾ ਹੈ। ਜੀਵਨ ਨੂੰ ਨੈਤਿਕਮਈ ਬਤੀਤ ਕਰਨ ਇਏ ਟੈਬੂ ਦਾ ਅਹਿਮ ਰੋਲ ਰਿਹਾ ਹੈ।

**1.4.6 ਪ੍ਰਸ਼ਨ :**

1. ਜਾਦੂ ਦਾ ਅਰਥ ਦੱਸਦੇ ਹੋਏ ਇਸਦੇ ਸਰੂਪ ਤੇ ਚਰਚਾ ਕਰੋ।
2. ਟੈਬੂ ਤੋਂ ਕੀ ਭਾਵ ਹੈ? ਇਹ ਸਮਾਜ ਵਿਚ ਕੀ ਕਾਰਜ ਕਰਦਾ ਹੈ।

**1.4.7 ਪੁਸਤਕਾਂ :**

1. ਧਰਮ ਦੀ ਉਤਪਤੀ ਤੇ ਵਿਕਾਸ : ਜੀ.ਐਸ. ਤਾਲਿਬ
2. ਧਰਮ ਦੀ ਉਤਪਤੀ ਤੇ ਵਿਕਾਸ : ਐਫ. ਮੈਕਸਮੂਲਰ

ਪਾਠ ਨੰ: 1.6

## ਧਰਮ ਅਤੇ ਦਰਸ਼ਨ-ਸਮਾਨਤਾ ਤੇ ਅੰਤਰ

1.6.1 ਉਦੇਸ਼
1.6.2 ਭੂਮਿਕਾ
1.6.3 ਧਰਮ ਅਤੇ ਦਰਸ਼ਨ
1.6.4 ਧਰਮ ਅਤੇ ਦਰਸ਼ਨ ਵਿਚ ਅੰਤਰ ਅਤੇ ਸਮਾਨਤਾ
1.6.5 ਧਰਮ ਦਰਸ਼ਨ ਦੀ ਮਹੱਤਤਾ
1.6.6 ਸਿੱਟਾ
1.6.7 ਪ੍ਰਸ਼ਨ
1.6.8 ਪੁਸਤਕਾਂ

### 1.6.1 ਉਦੇਸ਼

ਇਸ ਪਾਠ ਵਿਚ ਧਰਮ ਅਤੇ ਦਰਸ਼ਨ ਸੰਬੰਧੀ ਸੰਕਲਪਾਤਮਕ ਜਾਣਕਾਰੀ ਪ੍ਰਦਾਨ ਕਰਨ ਹਿੱਤ ਵਿਦਿਆਰਥੀਆਂ ਨੂੰ ਦਰਸ਼ਨ ਦੇ ਤਰਕ ਅਤੇ ਇਸ ਦੀ ਕਾਰਜਸ਼ੈਲੀ ਸਬੰਧੀ ਵਿਚਾਰ ਦਰਸਾਏ ਹਨ। ਧਰਮ ਦੇ ਸਿਧਾਂਤਕ ਰੂਪ ਨੂੰ ਮਨੁੱਖ ਦੇ ਵਿਹਾਰਕ ਰੂਪ ਵਿਚ ਢਾਲਣ ਲਈ ਦਰਸ਼ਨ ਕਿਵੇਂ ਧਰਮ ਦੇ ਸਿਧਾਂਤਾਂ ਦੀ ਮਾਨਵ ਹਿਤੈਸ਼ੀ ਵਿਆਖਿਆ ਕਰਦਾ ਹੈ। ਇਸ ਸੰਬੰਧੀ ਮਹੱਤਵਪੂਰਨ ਜਾਣਕਾਰੀ ਇਸ ਪਾਠ ਰਾਹੀਂ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀ ਗਈ ਹੈ।

### 1.6.2 ਭੂਮਿਕਾ

ਜੀਵਨ ਵਿਚ ਦੁਖ ਹਨ, ਸੰਕਟ ਹਨ ਅਤੇ ਅਨਿਸ਼ਚਿਤਤਾ ਬੇਚੈਨ ਕਰਦੀ ਰਹਿੰਦੀ ਹੈ। ਇਉਂ ਲਗਦਾ ਹੈ ਜਿਵੇਂ ਮੁਸ਼ਕਲਾਂ ਕਦੀ ਹਲ ਹੋਣਗੀਆਂ ਹੀ ਨਹੀਂ। ਪਰੰਤੂ ਜੀਵਨ ਰੁਕਿਆ ਨਹੀਂ। ਮਨੁੱਖ ਵੰਗਾਰ ਦਾ ਸਾਹਮਣਾ ਕਰਦਾ ਹੈ, ਸੋਚਦਾ-ਪਰਖਦਾ ਹੈ ਅਤੇ ਫੈਸਲੇ ਲੈਂਦਾ ਹੈ। ਧਾਰਮਿਕ ਮਨੁੱਖ ਯਤਨ ਕਰਨ ਦੇ ਨਾਲ-ਨਾਲ ਅਨੰਤ ਸ਼ਕਤੀਆਂ ਅੱਗੇ ਪ੍ਰਾਰਥਨਾ ਕਰਦਾ ਹੈ ਕਿ ਉਸ ਦੀਆਂ ਕੋਸ਼ਿਸ਼ਾਂ ਨੂੰ ਫਲ ਲਗੇ ਮਨੁੱਖ ਅੰਦਰ ਬੈਠਾ ਚਿੰਤਕ ਸੰਕਟ ਹੱਲ ਕਰਨ ਵਾਸਤੇ ਦਿਮਾਗ ਦੀ ਵਰਤੋਂ ਕਰਦਾ ਹੈ। ਉਹ ਪੁਣ ਛਾਣ ਕਰਦਾ ਹੈ ਕਿ ਜਿਹੜੀ ਸਮੱਸਿਆ ਸਾਹਮਣੇ ਆ ਗਈ ਹੈ ਉਹ ਅਸਲ ਵਿਚ ਹੈ ਕੀ? ਅਜਿਹੀ ਸਮੱਸਿਆ ਪਹਿਲੋਂ ਵੀ ਕਦੀ ਕਿਸੇ ਉੱਤੇ ਆਈ ਸੀ? ਫਿਰ ਉਸ ਸਮੇਂ ਇਸ ਦਾ ਕੀ ਹੱਲ ਲੱਭਿਆ ਗਿਆ ਸੀ? ਕੌਣ ਮਿੱਤਰ ਇਸ ਮੁਸ਼ਕਲ ਵਿਚ ਸਹਾਈ ਹੋ ਸਕਦਾ ਹੈ? ਜੇ ਹੱਲ ਨਿਕਲਿਆ ਹੀ ਨਾ ਫਿਰ ਕੀ ਕਰਾਂਗੇ? ਇਹ ਪ੍ਰਸ਼ਨ ਸੂਝਵਾਨ ਬੰਦੇ ਦੇ ਮਨ ਵਿਚ ਪੈਦਾ ਹੁੰਦੇ ਹਨ।

ਬਰਟਰੰਡ ਰੱਸਲ ਆਪਣੇ ਦੋਸਤ ਨਾਲ ਬੈਠੇ ਸਨ ਤੇ ਬਰਸਾਤ ਸ਼ੁਰੂ ਹੋ ਗਈ। ਕਿਸੇ ਜ਼ਰੂਰੀ ਕੰਮ ਜਾਣਾ ਸੀ। ਬਰਸਾਤ ਦੇਰ ਕਰਵਾ ਰਹੀ ਸੀ, ਰੱਸਲ ਦਾ ਮਿੱਤਰ ਕਾਹਲਾ ਪੈ ਰਿਹਾ ਸੀ ਅਤੇ ਉਹ ਕਹਿਣ ਲੱਗਾ, ''ਇਹ ਮੀਂਹ ਬੰਦ ਹੋਵੇਗਾ ਵੀ ਕਿ ਨਹੀਂ?'' ਰੱਸਲ ਨੇ ਸਹਿਜ ਸੁਭਾਵ ਜਵਾਬ ਦਿੱਤਾ, ''ਜ਼ਰੂਰ ਬੰਦ ਹੋਵੇਗਾ। ਅੱਜ ਤੱਕ ਸੰਸਾਰ ਵਿਚ ਅਜਿਹਾ ਕੋਈ ਮੀਂਹ ਕਦੇ ਨਹੀਂ ਪਿਆ ਜਿਹੜਾ ਬੰਦ ਨਾ ਹੋਇਆ ਹੋਵੇ। ਪਿਛਲੇ ਸਮੇਂ ਵਿਚ ਬਰਸਾਤਾਂ ਬੰਦ ਹੁੰਦੀਆਂ ਰਹੀਆਂ ਹਨ, ਇਹ ਵੀ ਬੰਦ ਹੋ ਜਾਵੇਗੀ।

### 1.6.3 ਧਰਮ ਅਤੇ ਦਰਸ਼ਨ

ਧਰਮ ਅਤੇ ਚਿੰਤਨ ਦੋਵੇਂ ਸਾਡੇ ਜੀਵਨ ਦੇ ਅਹਿਮ ਅੰਗ ਹਨ। ਨਿਯਮਿਤ ਚਿੰਤਨ ਹੀ ਫਲਸਫਾ ਹੈ। ਹਰ ਮਨੁੱਖ, ਜੋ ਕੁਝ ਨਾ ਕੁਝ ਸੋਚਦਾ ਹੈ ਫਿਲਾਸਫਰ ਹੈ। ਪੁੱਠੀ ਦਿਸ਼ਾ ਵਾਲੇ ਫਿਲਾਸਫ਼ਰ ਸੰਸਾਰ ਦਾ ਸਤਿਆਨਾਸ ਕਰਨ ਦੀਆਂ ਵਿਉਂਤਾ ਬਣਾਉਂਦੇ ਹਨ ਤੇ ਸਹੀ ਦਿਸ਼ਾ ਦਾ ਫਲਸਫਾ ਦੁਨੀਆਂ ਲਈ ਕਲਿਆਣਕਾਰੀ ਹੁੰਦਾ ਹੈ। ਪੈਰਬਿਟਾ ਨੇ ਅਤੇ ਫਿਲਾਸਫਰਾਂ ਨੇ ਮਨੁੱਖਤਾ ਨੂੰ ਸੁਖੀ ਬਣਾਉਣ ਲਈ ਵੱਡੇ ਕਾਰਜ ਕੀਤੇ।

ਦਾਰਸ਼ਨਿਕਾਂ ਦੇ ਕੰਮ ਵਿਚ ਤੇ ਪੈਗੰਬਰਾ ਦੇ ਕੰਮ ਕਾਜ ਵਿਚ ਕੀ ਕੋਈ ਸਮਾਨਤਾ ਹੈ? ਜਾਂ ਦੂਜੇ ਸ਼ਬਦਾਂ ਵਿੱਚ ਕਹਾਂਗੇ – ਫਲਸਫ਼ਾ ਅਤੇ ਧਰਮ ਕੀ ਆਪਸ ਵਿਚ ਕਿਸੇ ਤਰ੍ਹਾਂ ਸੰਬੰਧਿਤ ਹਨ? ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਫਿਲਾਸਫਰ ਧਰਮ ਵਿਚ ਮੌਜੂਦ ਅੰਧਵਿਸ਼ਵਾਸ ਵਿਚ ਯਕੀਨ ਨਹੀਂ ਰੱਖਦੇ ਅਤੇ ਇਹ ਵੀ ਕਿ ਧਾਰਮਿਕ ਲੋਕ ਫ਼ਿਲਾਸਫ਼ਰਾਂ ਦੇ ਸਿਧਾਂਤਾਂ ਨੂੰ ਵਾਲ ਦੀ ਖੱਲ ਉਧੇੜਨ ਜਿਹੀਆਂ ਫ਼ਜੂਲ ਗੱਲਾਂ ਸਮਝਦੇ ਹਨ ਤੇ ਉਹਨਾਂ ਵੱਲੋਂ ਕੀਤੀ ਨੁਕਤਾਚੀਨੀ ਪਸੰਦ ਨਹੀਂ ਕਰਦੇ। ਇਸ ਕਰਕੇ ਧਰਮ ਦਾ ਅਤੇ ਦਰਸ਼ਨ ਦਾ ਮੇਲ ਸੰਭਵ ਨਹੀਂ। ਇਕ ਪਾਸੇ ਨਿਰਾ ਵਿਸ਼ਵਾਸ ਹੈ ਤੇ ਦੂਜੇ ਪਾਸੇ ਨਿਰੀ ਦਲੀਲ ਅਤੇ ਸਬੂਤ ਨੂੰ ਪਹਿਲ ਦਿੱਤੀ ਜਾਂਦੀ ਹੈ।

ਪੈਗੰਬਰ ਮਨੁੱਖਤਾ ਦੇ ਭਲੇ ਦੀਆਂ ਗੱਲਾਂ ਕਰਦਾ ਹੈ ਅਤੇ ਦਸਦਾ ਹੈ ਕਿ ਇਹ ਮਾਰਗ ਜੋ ਮੈਂ ਤੁਹਾਨੂੰ ਤੁਰਨ ਵਾਸਤੇ ਦੇ ਰਿਹਾ ਹਾਂ ਤੁਹਾਡੇ ਲਈ ਭਲਾ ਹੈ। ਪਰ ਪੈਗੰਬਰ ਆਮ ਤੌਰ ਤੇ ਇਹ ਸਾਬਤ ਨਹੀਂ ਕਰਦੇ ਕਿ ਉਹਨਾਂ ਦੁਆਰਾ ਦੱਸਿਆ ਰਸਤਾ ਕਿਉਂ ਚੰਗਾ ਹੈ। ਪੈਗੰਬਰ ਦਸਦਾ ਹੈ ਕਿ ਉਸ ਦੇ ਅਨੁਭਵ ਵਿਚ ਅਜਿਹਾ ਆਇਆ ਹੈ ਕਿ ਫਲਾਣੇ ਫਲਾਣੇ ਅਸੂਲ ਚੰਗੇ ਹਨ ਤੇ ਬਾਕੀ ਮੰਦੇ। ਜਿਸ ਦਾ ਦਿਲ ਕਰਦਾ ਹੈ ਅਪਣਾਵੇ ਨਹੀਂ ਦਿਲ ਕਰਦਾ ਨਾ ਸਹੀ। ਪਰੰਤੂ ਫਿਲਾਸਫ਼ਰ ਦਲੀਲਾਂ ਰਾਹੀਂ, ਤਰਕ ਰਾਹੀਂ, ਉਦਾਹਰਣਾਂ ਰਾਹੀਂ, ਟੋਟਕਿਆਂ ਟੂਕਾਂ ਰਾਹੀਂ ਆਪਣੀ ਗੱਲ ਸਹੀ ਸਿੱਧ ਕਰਦਾ ਹੈ। ਧਰਮ ਦੇ ਚਿੰਨ੍ਹਾਂ ਸਿਧਾਂਤਾਂ ਅਤੇ ਰਹਿਤ ਮਰਿਆਦਾ ਨੂੰ ਸਹੀ ਸਾਬਤ ਕਰਨ ਵਾਲਾ ਦਾਰਸ਼ਨਿਕ ਧਰਮ ਸ਼ਾਸਤਰੀ ਅਖਵਾਉਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਸਿੱਖ ਮਤ ਦੀ ਨੀਂਹ ਰੱਖਕੇ ਵੱਖਰੀ ਪ੍ਰਕਾਰ ਦੀ ਜੀਵਨ ਜੁਗਤਿ ਦੱਸੀ। ਇਹ ਜੀਉਣ ਵਿੱਚ ਵਿਲੱਖਣ ਤੇ ਸਾਦੀ ਸੀ। ਗੁਰੂ ਜੀ ਦੇ ਕਥਨ ਕਿਵੇਂ ਸਹੀ ਸਨ ਤੇ ਕਿਵੇਂ ਅਪਨਾਉਣੇ ਚਾਹੀਦੇ ਹਨ ਇਸ ਬਾਰੇ ਭਾਈ ਗੁਰਦਾਸ, ਭਾਈ ਨੰਦ ਲਾਲ, ਭਾਈ ਵੀਰ ਸਿੰਘ ਤੇ ਪ੍ਰੋਫੈਸਰ ਪੂਰਨ ਸਿੰਘ ਨੇ ਰਚਨਾਵਾਂ ਕੀਤੀਆਂ। ਇਹਨਾਂ ਸਭ ਵਿਦਵਾਨਾਂ ਨੂੰ ਅਸੀਂ ਧਰਮ ਸ਼ਾਸਤਰੀ ਆਖਾਂਗੇ। ਇਸ ਪ੍ਰਕਾਰ ਹਜ਼ਰਤ ਮੁਹੰਮਦ ਪੈਗੰਬਰ ਸਨ, ਇਮਾਮ ਗਜ਼ਾਲੀ ਅਤੇ ਸ਼ੇਖ ਸਾਅਦੀ ਧਰਮ ਸ਼ਾਸਤ੍ਰੀ ਹੋਏ। ਈਸਾਈਆਂ ਵਿਚ ਯਿਸੂ ਮਸੀਹ ਪੈਗੰਬਰ ਦੇ ਕਥਨ ਸੇਂਟ ਪਾਲ ਨੇ ਵਿਆਖਿਆਵਾਂ ਰਾਹੀਂ ਸਮਝਾਏ। ਸੋ ਸੇਂਟ ਪਾਲ ਧਰਮ ਸ਼ਾਸਤਰੀ ਹੋਏ।

### 1.6.4 ਧਰਮ ਅਤੇ ਦਰਸ਼ਨ ਵਿਚ ਅੰਤਰ ਅਤੇ ਸਮਾਨਤਾ

ਫਿਲਾਸਫਰ ਸਾਨੂੰ ਦੱਸਦਾ ਹੈ ਕਿ ਮਨੁੱਖ ਨੂੰ ਧਰਮ ਦੀ ਲੋੜ ਕਿਉਂ ਪਈ। ਫ਼ਲਸਫਾ ਸਾਨੂੰ ਮਿੱਥ ਅਤੇ ਧਰਮ ਦੀ ਜਰੂਰਤ ਦਾ ਗਿਆਨ ਦਿੰਦਾ ਹੈ, ਸੰਸਕਾਰਾਂ ਦੇ ਪਿਛੋਕੜ ਬਾਰੇ ਰਾਜ ਖੋਲ੍ਹਦਾ ਹੈ। ਪੈਗੰਬਰ ਮੁਹੰਮਦ ਨੇ ਰੋਜ਼ੇ ਰੱਖਣ ਲਈ ਕਿਹਾ ਤਾਂ ਧਰਮ ਸ਼ਾਸਤਰੀਆਂ ਨੇ ਰੋਜ਼ਿਆਂ ਦੀ ਮੱਹਤਤਾ ਬਿਆਨ ਕੀਤੀ। ਵਾਸਤਵ ਵਿਚ ਮਨੁੱਖ ਧਾਰਮਿਕ ਪਹਿਲੋਂ ਹੁੰਦਾ ਹੈ ਤੇ ਫਿਲਾਸਫਰ ਪਿਛੋਂ ਬਣਦਾ ਹੈ। ਬਿਨਾਂ ਕਿਸੇ ਵੱਡੀ ਦਲੀਲ ਦੇ ਰੱਬ ਵਿਚ ਵਿਸ਼ਵਾਸ ਰੱਖਣਾ ਇਹ ਸਾਬਤ ਕਰਦਾ ਹੈ ਕਿ ਮਨੁੱਖ ਦਲੀਲਾਂ ਨੂੰ ਵਧੀਕ ਅਹਿਮੀਅਤ ਨਹੀਂ ਦਿੰਦਾ। ਧਰਮ ਦਾ ਸੰਬੰਧ ਹੈ ਹੀ ਅਣਦਿਸਦੇ ਨਾਲ। ਫਲਸਫ਼ਾ ਮਨੁੱਖੀ ਚਿੰਤਨ ਦਾ ਭਾਗ ਹੋਣ ਕਰਕੇ ਬਾਰ ਬਾਰ ਸਥੂਲ ਸੰਸਾਰ ਦਾ ਜ਼ਿਕਰ ਕਰਦਾ ਹੈ। ਆਖਰਕਾਰ ਅਨੁਭਵ ਦੀ ਜੜ੍ਹ ਵੀ ਧਰਤੀ ਉੱਤੇ ਹੀ ਲੱਗੀ ਹੈ।

ਪੈਗੰਬਰਾਂ ਨੇ ਅੰਤਿਮ ਸੱਚ ਦੇ ਪ੍ਰਗਟਾਵੇ ਕੀਤੇ ਹਨ। ਫ਼ਲਸਫ਼ਾ ਕਦੀ ਅੰਤਿਮ ਸੱਚ ਹੋਣ ਦਾ ਦਾਅਵਾ ਨਹੀਂ ਕਰਦਾ। ਫ਼ਿਲਾਸਫ਼ਰ ਕੁਝ ਸਿਧਾਂਤ ਪੇਸ਼ ਕਰਦਾ ਹੈ ਤੇ ਆਖਦਾ ਹੈ ਇਹ ਸਹੀ ਪ੍ਰਤੀਤ ਹੁੰਦੇ ਹਨ – ਪਰੰਤੂ ਸਮਾਂ ਦਸੇਗਾ ਠੀਕ ਹਨ ਕਿ ਗਲਤ। ਫ਼ਿਲਾਸਫ਼ੀ ਵਿਚ ਵਿਰੋਧੀ ਰਾਵਾਂ ਦਾ ਸਤਿਕਾਰ ਕੀਤਾ ਜਾਂਦਾ ਹੈ ਪਰੰਤੂ

ਗੁਰੂ ਪੈਗੰਬਰ ਆਖਦੇ ਹਨ ਕਿ ਜੋ ਕੁਝ ਉਹਨਾਂ ਕਿਹਾ ਹੈ ਉਹ ਕਥਨ ਉਹਨਾਂ ਦੇ ਆਪਣੇ ਨਹੀਂ ਹਨ, ਸਗੋਂ ਰੱਬ ਨੇ ਉਹਨਾਂ ਤੋਂ ਅਖਵਾਇਆ ਹੈ। ਕਿਉਂਕਿ ਰੱਬ ਨੇ ਉਹਨਾਂ ਰਾਹੀਂ ਕਥਨ ਕੀਤੇ ਹਨ ਇਸ ਕਰਕੇ ਉਹਨਾਂ ਉਤੇ ਕਿੰਤੂ ਨਹੀਂ ਕੀਤਾ ਜਾ ਸਕਦਾ।

ਪੈਗੰਬਰ ਰੱਬ ਦੀ ਹੋਂਦ ਸਾਬਤ ਕਰਨ ਲਈ ਦਲੀਲਾਂ ਨਹੀਂ ਦਿੰਦੇ ਕਿਉਂਕਿ ਦਲੀਲਾਂ ਤਿਆਰ ਕਰਨ ਦਾ ਅਰਥ ਰੱਬ ਵਿਚ ਬੇਵਿਸ਼ਵਾਸੀ ਹੈ। ਜੇ ਰੱਬ ਵਿਚ ਯਕੀਨ ਹੈ ਅਤੇ ਦਲੀਲਾਂ ਦੇ ਕੇ ਹੀ ਰੱਬ ਵਿਚ ਵਿਸ਼ਵਾਸ ਬਣਾਉਣਾ ਹੈ ਤਾਂ ਨਾਸਤਿਕ ਦੁਗਣੀਆਂ ਦਲੀਲਾਂ ਦੇ ਕੇ ਰੱਬ ਦੇ ਉਲਟ ਸਬੂਤ ਪੇਸ਼ ਕਰ ਸਕਦੇ ਹਨ। ਦਲੀਲ ਸਹਾਰੇ ਬਣਿਆ ਅਨਾਸਤਕ ਦਲੀਲ ਦੇ ਸਹਾਰੇ ਆਸਤਕ ਬਣਾਇਆ ਜਾ ਸਕਦਾ ਹੈ। ਪੈਗੰਬਰ ਦਲੀਲ ਅਤੇ ਸਬੂਤ ਦੇ ਆਧਾਰ ਨੂੰ ਖੋਖਲਾ ਆਧਾਰ ਸਮਝਦੇ ਹਨ। ਰੱਬ ਕਿਉਂਕਿ ਪ੍ਰਤੱਖ ਹੈ ਇਸ ਕਰਕੇ ਪ੍ਰਤੱਖ ਨੂੰ ਪ੍ਰਮਾਣ ਦੇਣ ਦੀ ਲੋੜ ਨਹੀਂ। ਮੂਰਖ ਦੇ ਹੱਕ ਵਿਚ ਗਵਾਹੀਆਂ ਦੇਣਾ ਵਿਹਲੜਾ ਦਾ ਕੰਮ ਹੈ। ਪ੍ਰੋਫੈਸਰ ਪੂਰਨ ਸਿੰਘ ਅਨੁਸਾਰ, 'ਮੂਰਖ ਹੈ ਜੋ ਸਵਾਲ ਪੁੱਛਦਾ ਹੈ – ਰੱਬ ਦੀ ਹੋਂਦ ਸਾਬਤ ਕਰੋ ਅਤੇ ਮਹਾਂ ਮੂਰਖ ਹੋਂਦ ਸਾਬਤ ਕਰਨ ਲਈ ਦਲੀਲਾਂ ਲਭਦੇ ਰਹਿੰਦੇ ਹਨ।'

ਧਰਮ ਦਾ ਅਨੁਭਵ ਮਨੁੱਖੀ ਜੀਵਨ ਦਾ ਇਕ ਅਹਿਮ ਹਿੱਸਾ ਹੈ। ਇਸ ਧਰਮ ਅਨੁਭਵ ਦੀ ਵੱਖ-ਵੱਖ ਪਹਿਲੂਆਂ ਦੀ ਕੀਤੀ ਗਈ ਵਿਆਖਿਆ ਧਰਮ ਦਰਸ਼ਨ ਅਖਵਾਈ। ਰੱਬ, ਪੈਗੰਬਰ, ਪੂਜਾ, ਪ੍ਰਾਰਥਨਾ, ਰਹਿਤ ਤੋਂ ਮਰਿਆਦਾ, ਜਨਮ ਅਤੇ ਮੌਤ ਤੋਂ ਪਿਛੋਂ ਅਨੁਭਵ, ਨੇਕੀ, ਬਦੀ, ਪਵਿੱਤਰ, ਅਪਵਿੱਤਰ, ਤਿਉਹਾਰ, ਧਰਮ ਗ੍ਰੰਥ, ਧਰਮ ਸੰਸਕਾਰ, ਰੂਹਾਂ, ਨਰਕ ਸੁਰਗ ਸਭ ਵਿਸ਼ੇ ਧਰਮ ਦਰਸ਼ਨ ਦਾ ਖੇਤਰ ਹਨ। ਫ਼ਲਸਫ਼ਾ ਅਤੇ ਵਿਗਿਆਨ ਚਿੰਤਨ ਦੀਆਂ ਉਲਝਣਾਂ ਨੂੰ ਸੁਲਝਾਉਂਦੇ ਹੋਏ ਸਾਡਾ ਰਾਹ ਸਾਫ਼ ਕਰਦੇ ਹਨ। ਜਦੋਂ ਕਦੀ ਅਜਿਹਾ ਹੁੰਦਾ ਹੈ ਕਿ ਧਰਮ ਦੇ ਸੂਰਜ ਨੂੰ ਕਰਮਕਾਂਡ ਰਸਮ ਰਿਵਾਜ ਢੱਕ ਲੈਂਦੇ ਹਨ ਤਾਂ ਗਿਆਨ ਦੀ ਹਨੇਰੀ ਇਹਨਾਂ ਧੂੰਏ ਦੇ ਬਦਲਾਂ ਨੂੰ ਪਰੇ ਹਟਾਉਂਦੀ ਹੈ। ਜੇ ਪੁਜਾਰੀ ਦੱਸੇ ਕਿ ਤਿੰਨ ਨਾਰੀਅਲ ਅਤੇ ਤਿੰਨ ਕੇਲੇ ਮਿਲਕੇ ਛੇ ਫਲ ਬਣ ਜਾਂਦੇ ਹਨ ਤਾਂ ਦਾਰਸ਼ਨਿਕ ਕਹੇਗਾ ਕਿ ਨਾਰੀਅਲਾਂ ਅਤੇ ਕੇਲਿਆਂ ਦੀ ਗੱਲ ਛੱਡੋ। ਤਿੰਨ ਅਤੇ ਤਿੰਨ ਹਮੇਸ਼ਾਂ ਹੀ ਛੇ ਹੁੰਦੇ ਹਨ। ਸਰਲਤਾ ਅਤੇ ਸੁਖੈਨਤਾ ਪ੍ਰਦਾਨ ਕਰਨ ਵਾਲਾ ਫਲਸਫ਼ਾ ਆਖਰ ਪ੍ਰਵਾਨ ਹੁੰਦਾ ਹੈ।

ਫ਼ਲਸਫ਼ਾ ਧਰਮ ਦੇ ਅਨੁਭਵ ਦੀ ਛਾਣ ਬੀਣ ਕਰਦਾ ਹੈ। ਧਰਮ ਦੀ ਬੁਨਿਆਦ ਅਨੁਭਵ ਉਤੇ ਟਿਕੀ ਹੈ। ਪਰੰਤੂ ਫਸਲਫ਼ੇ ਦਾ ਆਧਾਰ ਪ੍ਰਸ਼ਨ ਹੈ। 1. ਕਿਸ ਕਿਸਮ ਦਾ ਅਨੁਭਵ? 2. ਕਿਸ ਬੰਦੇ ਦਾ ਅਨੁਭਵ? 3. ਅਨੁਭਵ ਦੀ ਕੀ ਸਾਰਥਕਤਾ ਹੈ? ਹਰ ਬੰਦੇ ਦਾ ਹਰ ਅਨੁਭਵ ਭਰੋਸੇ ਯੋਗ ਨਹੀਂ ਹੁੰਦਾ। ਇਸ ਅਨੁਭਵ ਦੀ ਕਿਸਮ ਰਹੱਸਵਾਦੀ ਹੈ। ਇਹ ਅਨੁਭਵ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦਾ ਹੈ। ਜਿਸ ਬੰਦੇ ਨੂੰ ਇਹ ਅਨੁਭਵ ਪ੍ਰਾਪਤ ਹੋ ਜਾਵੇ ਉਸ ਲਈ ਇਸ ਦਾ ਵਰਣਨ ਕਰਨਾ ਮੁਸ਼ਕਲ ਹੈ। ਕੁਝ ਸੰਕੇਤਾਂ ਰਾਹੀਂ ਇਸ ਦੇ ਪ੍ਰਗਟਾਵੇ ਕੀਤੇ ਜਾਂਦੇ ਹਨ। ਧਰਮ ਦਰਸ਼ਨ ਇਨ੍ਹਾਂ ਰਹੱਸਮਈ ਸੰਕੇਤਾਂ, ਇਸ਼ਾਰਿਆਂ ਦੇ ਅਰਥ ਨੂੰ ਸਮਝਾਉਂਦਾ ਹੈ ਤੇ ਸਾਡਾ ਰਸਤਾ ਆਸਾਨ ਕਰਦਾ ਹੈ।

ਫ਼ਲਸਫ਼ਾ ਅਤੇ ਵਿਗਿਆਨ ਵਿਆਖਿਆ ਕਰਦੇ ਹਨ। ਫਿਜ਼ਿਕਸ ਸਾਨੂੰ ਦੱਸਦੀ ਹੈ ਕਿ ਪਦਾਰਥ ਗਤੀ ਵਿਚ ਹੈ ਤੇ ਗਤੀ ਦੇ ਸਿਧਾਂਤ ਨਿਸ਼ਚਿਤ ਕੀਤੇ ਗਏ ਹਨ। ਕੈਮਿਸਟਰੀ ਰਸਾਇਣਕ ਤੱਤਾਂ ਦੇ ਜੋੜਨ ਤੋੜਨ ਦਾ ਨਿਯਮ ਦੱਸਦੀ ਹੈ। ਇਵੇਂ ਹੀ ਵਿਗਿਆਨ ਦੀਆਂ ਬਾਕੀ ਸ਼ਾਖਾਵਾਂ ਸਾਡੇ ਸਾਹਮਣੇ ਮਹੱਤਵਪੂਰਨ ਤੱਥ ਲਿਆਉਂਦੀਆਂ ਹਨ। ਪਰੰਤੂ ਦਰਸ਼ਨ ਨੇ ਸਾਨੂੰ ਦੱਸਣਾ ਹੁੰਦਾ ਹੈ ਕਿ ਵਿਗਿਆਨ ਦੁਆਰਾ ਪੇਸ਼ ਕੀਤੀਆਂ ਗਈਆਂ ਸਚਾਈਆਂ ਅਤੇ ਕਾਢਾਂ ਵਿਸ਼ਵ ਲਈ ਕਲਿਆਣਕਾਰੀ ਹਨ ਕਿ ਵਿਨਾਸ਼ਕਾਰੀ? ਵਿਗਿਆਨੀਆਂ ਨੇ ਐਟਮ ਤੋੜ ਦਿੱਤਾ ਤਾਂ ਬੇਅੰਤ ਸ਼ਕਤੀ ਪੈਦਾ ਹੋਈ। ਇਸ ਸ਼ਕਤੀ ਨੂੰ ਬੰਬ ਵਿਚ ਵਰਤਿਆ ਜਾਵੇ ਕਿ ਬਿਜਲੀ ਬਣਾਉਣ ਦੇ ਲਾਹੇਵੰਦ ਕੰਮਾਂ ਵਿਚ? ਇਸ ਦਾ ਫੈਸਲਾ ਮਨੁੱਖ ਨੇ ਕਰਨਾ ਹੈ। ਉੱਚੀਆਂ ਸਦਾਚਾਰਕ ਕਦਰਾਂ ਕੀਮਤਾਂ ਦੀ ਮਹਾਨਤਾ, ਪਰਉਪਕਾਰ ਦਾ ਅਹਿਸਾਸ ਅਤੇ ਨਿਸ਼ਕਾਮ ਸੇਵਾ ਆਦਿਕ ਦੀ ਸੇਧ ਧਰਮ ਦਰਸ਼ਨ ਦਿੰਦਾ ਹੈ।

ਸਾਧਾਰਣ ਗਿਆਨ, ਫ਼ਲਸਫ਼ੇ ਦੁਆਰਾ ਪ੍ਰਾਪਤ ਕੀਤੇ ਗਏ ਗਿਆਨ ਤੋਂ ਵਧੀਕ ਖਿਲਰਿਆ ਹੋਇਆ ਹੈ ਕਿਉਂਕਿ ਸਾਧਾਰਣ ਗਿਆਨ, ਭਾਵ ਆਮ ਵਾਕਫੀ ਬਹੁਤੀ ਵੇਰ ਅਜਮਾਈ ਗਈ ਨਹੀਂ ਹੁੰਦੀ। ਬਹੁਤੀ ਵਾਰੀ ਸੁਣੀਆਂ ਹੋਈਆਂ ਗੱਲਾਂ ਅਸੀਂ ਦੁਹਰਾਈ ਜਾਂਦੇ ਹਾਂ ਤੇ ਸੱਚ ਮੰਨੀ ਜਾਂਦੇ ਹਾਂ। ਜੋ ਗੱਲਾਂ ਮਾਪਿਆਂ ਤੋਂ ਸੁਣੀਆਂ ਉਹ ਬੱਚਿਆਂ ਨੂੰ ਸੁਣਾਈਆਂ। ਅਸੀਂ ਵਿਆਹਾਂ ਵਿਚ ਬਹੁਤ ਸਾਰੀਆ ਫਜ਼ੂਲ ਰਸਮਾਂ ਦੇਖਦੇ ਹਾਂ ਤੇ ਜੇ ਮਾਪਿਆਂ ਨੂੰ ਆਖਦੇ ਹਾਂ ਕਿ ਇਹਨਾਂ ਰਸਮਾਂ ਨੂੰ ਨਿਭਾਉਣ ਦੀ ਕੀ ਲੋੜ ਹੈ ਤਾਂ ਜਵਾਬ ਮਿਲਦਾ ਹੈ ਕਿ ਜੋ ਵਡੇਰਿਆਂ ਨੇ ਦੱਸਿਆ ਸੀ ਉਹ ਠੀਕ ਹੀ ਹੋਵੇਗਾ। ਪਰੰਪਰਾ ਐਵੇਂ ਤਾਂ ਨਹੀਂ। ਮਰਿਆਦਾ ਚਲੀ ਆ ਰਹੀ ਹੈ। ਅਸੀਂ ਵੀ ਕਰ ਰਹੇ ਹਾਂ। ਲੋਕ ਧਾਰਣਾਵਾਂ ਅਤੇ ਵਿਸ਼ਵਾਸ ਇਸੇ ਪ੍ਰਕਾਰ ਦਾ ਗਿਆਨ ਹੈ ਜੋ ਪਰਖਿਆ ਨਹੀਂ ਗਿਆ ਪਰੰਤੂ ਸਾਡੇ ਜੀਵਨ ਦਾ ਹਿੱਸਾ ਹੈ। ਸਾਡਾ ਸਹੀ ਗਿਆਨ ਬਹੁਤ ਥੋੜ੍ਹਾ ਹੈ। ਹਜ਼ਾਰਾ ਸਾਲ ਲੋਕ ਕਹਿੰਦੇ ਰਹੇ ਕਿ ਸੂਰਜ ਅਤੇ ਤਾਰੇ ਧਰਤੀ ਦੇ ਦੁਆਲੇ ਘੁੰਮ ਰਹੇ ਹਨ ਅਤੇ ਧਰਤੀ ਖਲੋਤੀ ਹੈ, ਧਰਤੀ ਬ੍ਰਹਿਮੰਡ ਦਾ ਕੇਂਦਰ ਹੈ। ਗੈਲੀਲੀਓ ਨੇ ਪਹਿਲੀ ਵਾਰ ਦੱਸਿਆ ਕਿ ਧਰਤੀ ਬ੍ਰਹਿਮੰਡ ਦਾ ਕੇਂਦਰ ਨਹੀਂ ਹੈ ਅਤੇ ਇਹ ਘੁੰਮ ਰਹੀ ਹੈ। ਲੋਕਾਂ ਨੇ ਉਸ ਨੂੰ ਮਾਰ ਦਿੱਤਾ। ਅੱਜ ਤੱਕ ਅਜਿਹੇ ਬੰਦੇ ਹਨ ਜਿਹੜੇ ਆਖਦੇ ਹਨ ਕਿ ਧਰਤੀ ਹੀ ਬ੍ਰਹਿਮੰਡ ਦਾ ਕੇਂਦਰ ਹੈ। ਸਹੀ ਅਤੇ ਸ਼ੁੱਧ ਗਿਆਨ ਦੀ ਸੀਮਾ ਹੈ, ਜਦੋਂ ਕਿ ਮੂਰਖਤਾ, ਅਗਿਆਨ ਦੀ ਕੋਈ ਹੱਦ ਨਹੀਂ।

ਦਰਸ਼ਨ ਸਾਡੀ ਵਾਕਫੀਅਤ ਨੂੰ ਨਿਯਮਬੱਧ ਕਰਦਾ ਹੈ, ਸੂਤਰਾ ਵਿਚ ਪਰੋਂਦਾ ਹੈ। ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਖਾਸ ਵਿਸ਼ਿਆਂ ਦੀ ਵਿਸ਼ੇਸ਼ ਵਿਆਖਿਆ ਨੂੰ ਹੀ ਫ਼ਲਸਫ਼ਾ ਕਿਹਾ ਜਾਂਦਾ ਹੈ, ਜੋ ਬੌਧਿਕਤਾ ਉੱਤੇ ਆਧਾਰਿਤ ਹੋਵੇ। ਫ਼ਲਸਫ਼ਾ ਵਿਆਖਿਆ ਕਰਦਾ ਹੈ ਹੁਕਮ ਨਹੀਂ ਕਰਦਾ। ਧਰਮ ਹੁਕਮ ਕਰਦੇ ਹਨ – ਇਹ ਕਰੋ, ਇਹ ਨਾ ਕਰੋ। ਧਰਮ ਵਾਸਤੇ ਇਹ ਜ਼ਰੂਰੀ ਨਹੀਂ ਕਿ ਇਹ ਦੱਸੇ ਕਿ ਅਜਿਹਾ ਹੁਕਮ ਦੇਣ ਦਾ ਕੀ ਕਾਰਣ ਹੈ। ਫ਼ਲਸਫ਼ਾ ਸਾਡੇ ਸਾਹਮਣੇ ਜਿਹੜੇ ਤੱਥ ਰੱਖਦਾ ਹੈ ਧਰਮ ਉਨ੍ਹਾਂ ਦੇ ਚੰਗੇ ਮਾੜੇ ਹੋਣ ਦਾ ਐਲਾਨ ਕਰਦਾ ਹੈ।

ਆਮ ਸੁਣਦੇ ਹਾਂ ਅਤੇ ਆਖਦੇ ਹਾਂ ਕਿ ਫਲਾਣੇ ਆਦਮੀ ਦਾ ਧਰਮ ਵਿਚ ਵਿਸ਼ਵਾਸ ਨਹੀਂ – ਉਹ ਤਾਂ ਨਾਸਤਕ ਹੈ, ਫਲਾਣਾ ਬੰਦਾ ਧਾਰਮਿਕ ਹੈ, ਪਰੰਤੂ ਧਰਮ ਕੀ ਹੈ। ਇਸ ਪ੍ਰਸ਼ਨ ਦਾ ਉੱਤਰ ਦਾਰਸ਼ਨਿਕ ਦਿੰਦੇ ਹਨ। ਫ਼ਲਸਫ਼ਾ ਧਰਮ ਦੀ ਪਰਿਭਾਸ਼ਾਂ ਨਿਸ਼ਚਿਤ ਕਰਦਾ ਹੈ। ਫ਼ਲਸਫ਼ਾ ਵੱਖ-ਵੱਖ ਧਰਮਾਂ ਦੇ ਵੱਖਰੇਵੇਂ ਦੇ ਆਧਾਰ ਮਿਥਦਾ ਹੈ। ਇਹ ਜ਼ਰੂਰੀ ਨਹੀਂ ਕਿ ਫ਼ਲਸਫ਼ੇ ਦੁਆਰਾ ਦਿੱਤੀ ਗਈ ਪਰਿਭਾਸ਼ਾ ਬਿਲਕੁਲ ਸਹੀ ਹੋਵੇ ਤੇ ਅੰਤਿਮ ਹੋਵੇ। ਅਜਿਹਾ ਦਾਅਵਾ ਫ਼ਲਸਫ਼ਾ ਕਰਦਾ ਹੀ ਨਹੀਂ। ਅੰਤਿਮ ਸਚਾਈ ਲੱਭਣ ਦਾ ਦਾਅਵਾ ਤਾਂ ਵਿਗਿਆਨੀ ਵੀ ਨਹੀਂ ਕਰਦੇ। ਦੇਮੋਕਰਾਈਤਸ (Demoeritus) ਤੋਂ ਲੈ ਕੇ ਆਈਨਸਟਾਈਨ ਤੱਕ ਪਦਾਰਥ ਦੀ ਪਰਿਭਾਸ਼ਾ ਵਿਗਿਆਨੀਆਂ ਨੇ ਵੱਖ-ਵੱਖ ਕੀਤੀ ਹੈ ਆਈਨਸਟਾਈਨ ਨੇ ਕਦੀ ਨਹੀਂ ਕਿਹਾ ਕਿ ਉਸ ਦੀ ਵਿਆਖਿਆ ਅੰਤਿਮ ਹੈ। ਪਰੰਤੂ ਧਰਮ ਦੇ ਮੂਲ ਸਿਧਾਂਤ ਕਦੇ ਨਹੀਂ ਬਦਲਦੇ ਕਿਉਂਕਿ ਉਹ ਅੰਤਿਮ ਹਨ। ਧਰਮ ਗ੍ਰੰਥਾਂ ਦੀਆਂ ਸਿਖਿਆਵਾਂ ਦੀ ਅਹਿਮੀਅਤ ਸਮੇਂ ਨਾਲ ਘਟਦੀ ਨਹੀਂ। ਵੇਦ ਅੱਜ ਵੀ ਉਨੇ ਹੀ ਪਵਿੱਤਰ ਹਨ ਜਿੰਨੇ ਹਜ਼ਾਰਾਂ ਸਾਲ ਪਹਿਲੋਂ ਸਨ।

### 1.6.5 ਧਰਮ ਦਰਸ਼ਨ ਦੀ ਮਹੱਤਤਾ

ਧਰਮ ਦੀਆਂ ਬੜੀਆਂ ਵਿਆਖਿਆਵਾਂ ਹੋਈਆਂ। ਦਾਰਸ਼ਨਿਕਾਂ ਦਾ ਸਭ ਤੋਂ ਵਧੀਕ ਧਿਆਨ ਧਰਮ ਦੇ ਵੱਖ-ਵੱਖ ਪੱਖਾਂ ਉੱਤੇ ਟਿੱਪਣੀਆਂ ਦੇਣ ਵਿਚ ਲੱਗਾ ਹੈ। ਧਰਮ ਵਿਸ਼ਵਾਸ ਦਾ ਨਾਮ ਹੈ। ਸੋ ਧਰਮ ਉਹ ਹੋਇਆ ਜੋ ਮੇਰੇ ਵਿਸ਼ਵਾਸ ਅਨੁਸਾਰ ਹੈ। ਸਾਡਾ ਸੁਭਾਅ ਹੈ ਕਿ ਅਸੀਂ ਆਪਣਾ ਵਿਸ਼ਵਾਸ ਅਤੇ ਆਪਣੇ ਵਿਚਾਰ ਸਹੀ ਮੰਨਦੇ ਹਾਂ ਤੇ ਦੂਜਿਆਂ ਦੇ ਵਿਸ਼ਵਾਸਾਂ ਅਤੇ ਵਿਚਾਰਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਹਾਂ। ਇਸ ਦਾ ਭਾਵ ਇਹ ਹੋਇਆ ਕਿ ਮੇਰਾ ਧਰਮ ਠੀਕ ਹੈ ਕਿਉਂਕਿ ਮੇਰਾ ਇਸ ਵਿਚ ਵਿਸ਼ਵਾਸ ਹੈ ਤੇ ਮੇਰੇ ਵਿਚਾਰ ਠੀਕ ਹਨ ਕਿਉਂਕਿ ਇਹ ਮੇਰੇ ਹਨ। ਦਾਰਸ਼ਨਿਕ ਸਾਨੂੰ ਦੱਸਦੇ ਹਨ ਕਿ ਇਹੀ ਗੜਬੜ ਦਾ ਤੇ ਨਫ਼ਰਤ ਦਾ ਮੁੱਢ ਹੈ। ਕਿਸੇ ਇਕ ਬੰਦੇ ਦਾ ਵਿਸ਼ਵਾਸ਼ ਬੇਅਰਥ ਹੈ ਜੇ ਉਸ ਦੀ ਪ੍ਰਮਾਣਿਕਤਾ ਅਨੇਕਾਂ ਹੋਰ ਬੰਦਿਆਂ ਦੁਆਰਾ ਨਹੀਂ ਕੀਤੀ

ਜਾਂਦੀ। ਧਰਮ ਦਰਸ਼ਨ ਅਨੇਕਾਂ ਬੰਦਿਆਂ ਦੇ ਵਿਸ਼ਵਾਸ ਦੀ ਏਕਤਾ ਵਿਚੋਂ ਧਰਮ ਦੀ ਪਰਿਭਾਸ਼ਾਂ ਲਭਦਾ ਹੈ। ਇਹੀ ਪਰਿਭਾਸ਼ਾ ਧਰਮ ਨੂੰ ਵਿਗਿਆਨ ਨਾਲੋਂ, ਨੈਤਿਕ ਸ਼ਾਸਤਰ ਨਾਲੋਂ, ਕਲਾ ਅਤੇ ਤਰਕ ਨਾਲੋਂ ਨਿਖੇੜਦੀ ਹੈ।

ਐਡਗਰ ਬਰਾਈਟ ਮੈਨ ਧਰਮ ਦੇ ਅੱਠ ਮੁੱਖ ਵਿਸ਼ਵਾਸ਼ ਮੰਨਦਾ ਹੈ। ਇਹ ਵਿਸ਼ਵਾਸ ਸਮੇਂ ਅਤੇ ਸਥਾਨ ਅਨੁਸਾਰ ਕੁਝ ਫਰਕ ਨਾਲ ਮੰਨੇ ਜਾਂਦੇ ਹਨ ਪਰੰਤੂ ਇਹ ਧਰਮ ਦੇ ਜ਼ਰੂਰੀ ਤੱਤ ਹਨ। ਇਸੇ ਪ੍ਰਕਾਰ ਹਰ ਧਰਮ ਵਿਚ ਰੀਤੀ ਰਿਵਾਜ ਅਤੇ ਸੰਸਕਾਰ ਹੁੰਦੇ ਹਨ। ਧਰਮ ਦਰਸ਼ਨ ਇਹ ਨਹੀਂ ਦੇਖਦਾ ਕਿ ਉਹ ਗਲਤ ਹਨ ਕਿ ਠੀਕ। ਧਰਮ ਦਰਸ਼ਨ ਦਾ ਮਨੋਰਥ ਇਹ ਪਰਖਣਾ ਕਿ ਕਿਹੜੇ ਹਾਲਾਤ ਵਿਚ ਮੌਜੂਦਾ ਰੀਤੀ ਰਿਵਾਜ ਚਾਲੂ ਹੋਏ ਤੇ ਉਹਨਾਂ ਦੀ ਕੀ ਸਾਰਥਕਤਾ ਰਹੀ ਤੇ ਹੁਣ ਕੀ ਅਰਥ ਹੈ? ਮੁੱਖ ਧਾਰਮਿਕ ਵਿਸ਼ਵਾਸ ਇਹ ਹਨ:

**1. ਮਹਾਨ ਅਤੇ ਅਮਰ ਕੀਮਤਾਂ ਵਿਚ ਵਿਸ਼ਵਾਸ਼**

ਹਰ ਧਰਮ ਵਿਚ ਭਰਾਤਰੀ ਭਾਵ ਤੇ ਜ਼ੋਰ ਦਿੱਤਾ ਗਿਆ ਹੈ।ਕੇਵਲ ਮਨੁੱਖ ਨਹੀਂ ਸਭ ਜੀਵ ਸਾਡੇ ਭਰਾ ਹਨ ਤੇ ਉਹਨਾਂ ਉਤੇ ਦਇਆ ਕਰਨੀ ਚਾਹੀਦੀ ਹੈ। ਜੰਗ ਲੜਨ ਸਮੇਂ ਉੱਚੇ ਸਦਾਚਾਰ ਦੇ ਅਸੂਲ ਨਹੀਂ ਤਿਆਗੇ ਜਾਂਦੇ ਭਾਵੇਂ ਜਾਨ ਤਿਆਗਣੀ ਪੈ ਜਾਵੇ। ਮਹਾਂਭਾਰਤ ਦੇ ਯੁੱਧ ਵਿਚ ਭੀਸ਼ਮ ਪਿਤਾਮਾ ਅਤੇ ਗੁਰੂ ਦਰੋਣਾਚਾਰੀਆਂ ਇਸ ਗੱਲੋਂ ਚਿੰਤਿਤ ਨਹੀਂ ਸਨ ਕਿ ਹਜ਼ਾਰਾਂ ਜਾਨਾਂ ਯੁੱਧ ਵਿਚ ਚਲੀਆਂ ਗਈਆਂ - ਉਹਨਾਂ ਨੂੰ ਦੁੱਖ ਇਹ ਸੀ ਕਿ ਵੱਡੀਆਂ ਅਮਰ ਕੀਮਤਾਂ ਅਤੇ ਸਵੱਛ ਅਸੂਲਾਂ ਦਾ ਤਿਆਗ ਕਰ ਦਿੱਤਾ ਗਿਆ।

**2. ਰੱਬ ਜਾਂ ਦੇਵਤਿਆਂ ਵਿਚ ਵਿਸ਼ਵਾਸ਼**

ਗੈਬੀ ਸ਼ਕਤੀਆਂ ਵਿਚ ਵਿਸ਼ਵਾਸ ਹਜਾਰਾਂ ਸਾਲ ਪੁਰਾਣਾ ਹੈ। ਦੇਵੀਆਂ ਦੇਵਤਿਆਂ ਦੀ ਪੂਜਾ ਪ੍ਰਾਚੀਨ ਕਾਲ ਤੋਂ ਹੋ ਰਹੀ ਹੈ। ਬਹੁਤ ਸਾਰੇ ਦੇਵਾਂ ਦੀ ਪੂਜਾ ਵਿਚੋਂ ਹੀ ਇਕ ਈਸ਼ਵਰ ਦੇ ਸਿਧਾਂਤ ਨੇ ਜਨਮ ਲਿਆ। ਦੇਵਤਿਆਂ ਦੀ ਹੋਂਦ ਸਾਮੀ ਅਤੇ ਭਾਰਤੀ ਸਾਰੇ ਧਰਮਾਂ ਵਿਚ ਮੌਜੂਦ ਹੈ। ਬੁੱਧ ਮੱਤ ਨੂੰ ਅਨੀਸ਼ਵਰਵਦੀ ਧਰਮ (ਉਹ ਧਰਮ ਜੋ ਰੱਬ ਦੀ ਹੋਂਦ ਤੋਂ ਇਨਕਾਰੀ ਹੋਵੇ) ਕਿਹਾ ਗਿਆ ਹੈ ਪਰੰਤੂ ਬੁੱਧ ਦੇ ਸ਼ਰਧਾਲੂਆਂ ਨੇ ਬੁੱਧ ਦੀ ਸ਼ਖਸੀਅਤ ਨੂੰ ਰੱਬ ਜਿੱਡੀ ਅਤੇ ਰੱਬ ਵਰਗੀ ਬਣਾ ਦਿੱਤੀ। ਹਰ ਧਰਮ ਵਿਚ ਕੋਈ ਨਾ ਕੋਈ ਦੇਵ ਮੌਜੂਦ ਹੈ।

**3. ਨੇਕੀ ਬਦੀ ਵਿਚ ਵਿਸ਼ਵਾਸ਼**

ਧਰਮ ਦਰਸ਼ਨ ਸਾਨੂੰ ਦਸਦਾ ਹੈ ਕਿ ਸੰਸਾਰ ਦੇ ਸਭ ਧਰਮਾਂ ਵਿਚ ਬਦੀ ਸ਼ਕਤੀਆਂ ਦਾ ਜ਼ਿਕਰ ਹੈ ਜੋ ਨੇਕੀ ਦੇ ਰਾਹ ਵਿਚ ਰੋਕ ਪਾਉਂਦੀਆਂ ਹਨ। ਨੇਕ ਬੰਦਿਆਂ ਨੂੰ ਕਸ਼ਟ ਦਿਵਾਣੇ, ਮਨ ਨੂੰ ਤੁਰੰਤ ਬੁਰੇ ਪਾਸੇ ਲਾ ਦੇਣਾ ਤੇ ਚੰਗਿਆਈਆਂ ਤੋਂ ਪਰੇ ਰੱਖਣਾ ਬਦੀ ਸ਼ਕਤੀਆਂ ਦੇ ਕੰਮ ਹਨ। ਰੱਬ, ਕਿਉਂਕਿ ਨੇਕੀ ਦਾ ਸਮਰਥਕ ਹੈ ਇਸ ਕਰਕੇ ਅੰਤਿਮ ਜਿੱਤ ਨੇਕੀ ਦੀ ਹੁੰਦੀ ਹੈ।

**4. ਆਤਮਾ ਵਿੱਚ ਵਿਸ਼ਵਾਸ਼**

ਬੇਸ਼ੱਕ ਆਤਮਾ ਦਿਸਦੀ ਨਹੀਂ, ਸਰੀਰ ਦਿਸਦਾ ਹੈ, ਫਿਰ ਵੀ ਸਭ ਧਰਮਾਂ ਵਿਚ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਮਨੁੱਖ ਸਰੀਰ ਨਹੀਂ, ਆਤਮਾ ਹੈ। ਸਰੀਰ ਨਾਸ਼ ਹੋ ਜਾਂਦਾ ਹੈ। ਉਹ ਚੀਜ਼ ਜਿਸ ਉੱਤੇ ਸਮੇਂ ਅਤੇ ਸਥਾਨ ਦਾ ਅਸਰ ਹੋ ਗਿਆ ਉਹ ਨਾਸ਼ਵਾਨ ਹੈ, ਉਹ ਸ਼ਖਸੀਅਤ ਨਹੀਂ। ਆਤਮਾ ਅਮਰ ਹੈ।

**5. ਮਨੁੱਖੀ ਹੋਂਦ ਦੇ ਮੰਤਵ ਵਿੱਚ ਵਿਸ਼ਵਾਸ਼**

ਆਦਮੀ ਨੂੰ ਇਸ ਸੰਸਾਰ ਵਿਚ ਅਸਮਾਨ ਤੋਂ ਪੱਥਰ ਦੀ ਤਰ੍ਹਾਂ ਨਹੀਂ ਸੁੱਟਿਆ ਗਿਆ। ਉਸਦੇ ਇਸ ਸੰਸਾਰ ਵਿਚ ਆਉਣ ਦਾ ਉਦੇਸ਼ ਹੈ। ਰੱਬ ਨੇ ਆਦਮੀ ਨੂੰ ਜਹਾਨ ਵਿਚ ਇਨਸਾਫ਼ ਦਿਵਾਉਣ, ਨਿਆਂ ਕਰਨ ਲਈ ਭੇਜਿਆ ਹੈ।

**6. ਗੈਬੀ ਅਨੁਭਵ ਵਿਚ ਵਿਸ਼ਵਾਸ਼**

ਧਰਮ ਦੀ ਜੜ੍ਹ ਰਹੱਸ ਅਨੁਭਵ ਵਿਚ ਹੈ। ਹਰੇਕ ਧਰਮ ਵਿਚ ਅਜਿਹੇ ਵਿਲੱਖਣ ਅਨੁਭਵ ਦਾ ਬਿਰਤਾਂਤ ਮੌਜੂਦ ਹੈ, ਜਿਸ ਨਾਲ ਸੁਰਤਿ ਵਿਸਮਾਦ ਵਿਚ ਅਪੜਦੀ ਹੈ। ਰਹੱਸ ਅਨੁਭਵ ਦੇ ਵੱਖ-ਵੱਖ ਨਾਮ ਰੱਖੇ ਜ਼ਰੂਰ

ਮਿਲਦੇ ਹਨ, ਪਰੰਤੂ ਕੋਈ ਧਰਮ ਇਸ ਦੀ ਹੋਂਦ ਤੋਂ ਮੁਨਕਿਰ ਨਹੀਂ।

**7. ਧਰਮ ਦੀ ਕਾਰਜ-ਪ੍ਰਚੰਡਤਾ ਵਿੱਚ ਵਿਸ਼ਵਾਸ਼**

ਜੀਵਨ ਦੀ ਗਤੀਸ਼ੀਲਤਾ ਦਾ ਆਭਾਸ ਹਰੇਕ ਧਰਮ ਵਿਚ ਹੈ। ਮਨੁੱਖ ਇਹ ਮਹਿਸੂਸ ਕਰਦਾ ਹੈ ਕਿ ਉਸੇ ਦੇ ਧਰਮ ਵਿਚ ਸੰਸਾਰ ਦੀ ਕਾਇਆ ਕਲਪ ਕਰਨ ਦੀ ਤਾਕਤ ਹੈ। ਉਸ ਦਾ ਧਰਮ ਬੰਦੇ ਨੂੰ, ਸਮਾਜ ਨੂੰ ਅਤੇ ਸੰਸਾਰ ਨੂੰ ਉਤਮ ਬਨਾਉਣ ਦੇ ਸਮਰੱਥ ਹੈ।

**8. ਇਤਿਹਾਸਕ ਗੌਰਵਤਾ ਵਿੱਚ ਵਿਸ਼ਵਾਸ਼**

ਜਿਸ ਧਰਮ ਵਿਚ ਭੂਤਕਾਲ ਦੀਆਂ ਵਰਣਨ ਕਰਨ ਯੋਗ ਸ਼ਾਨਦਾਰ ਰਵਾਇਤਾਂ ਨਹੀਂ ਹਨ ਉਹ ਧਰਮ ਵਧੇਰਾ ਸਮਾਂ ਜੀਵਿਤ ਨਹੀਂ ਰਹਿ ਸਕਦਾ। ਬਜ਼ੁਰਗ ਲੋਕ ਵਿਦਵਾਨਾਂ ਤੋਂ ਆਪਣੇ ਧਰਮ ਦੀਆਂ ਉੱਤਮ ਰਵਾਇਤਾਂ ਸੁਣਦੇ ਹਨ ਅਤੇ ਆਪਣੇ ਬੱਚਿਆਂ ਨੂੰ ਸੁਣਾਂਦੇ ਹਨ। ਸੀਨਾ ਬਸੀਨਾ ਇਹ ਕਹਾਣੀਆਂ ਤੁਰਦੀਆਂ ਰਹਿੰਦੀਆਂ ਹਨ ਤੇ ਮਨੁੱਖੀ ਜੀਵਨ ਦਾ ਅੰਗ ਬਣ ਜਾਂਦੀਆਂ ਹਨ।

**1.6.6 ਸਿੱਟਾ :**

ਧਰਮ ਦਰਸ਼ਨ ਸਾਨੂੰ ਦੱਸਦਾ ਹੈ ਕਿ ਬੇਸ਼ੱਕ ਹਰੇਕ ਬੰਦੇ ਨੂੰ ਰਹੱਸ ਅਨੁਭਵ ਪ੍ਰਾਪਤ ਨਹੀਂ ਹੋ ਸਕਦਾ ਫਿਰ ਵੀ ਆਦਮੀ ਹਮੇਸ਼ਾਂ ਉੱਚੀਆਂ ਸਦਾਚਾਰਕ ਉਡਾਣਾਂ ਦਾ ਸਮਰਥਕ ਰਿਹਾ ਹੈ। ਉਹ ਮਾੜੇ ਕੰਮ ਕਰਕੇ ਖੁਦ ਆਖਦਾ ਹੈ ਕਿ ਉਸ ਨੇ ਮਾੜਾ ਕੀਤਾ ਹੈ ਤੇ ਪਸ਼ਚਾਤਾਪ ਕਰਦਾ ਹੈ। ਉਹ ਹੋਰਾਂ ਨੂੰ ਬੁਰਾਈ ਨਾ ਕਰਨ ਦੀ ਪ੍ਰੇਰਨਾ ਦਿੰਦਾ ਹੈ। ਧਰਮ ਅਤੇ ਦਰਸ਼ਨ ਦਾ ਰੂਹ ਅਤੇ ਜਿਸਮ ਵਰਗਾ ਮੇਲ ਹੈ।

**1.6.7 ਪ੍ਰਸ਼ਨ :**

1. ਧਰਮ ਅਤੇ ਧਰਮ ਦਰਸ਼ਨ ਦੇ ਆਪਸੀ ਅੰਤਰ ਨੂੰ ਉਘਾੜੋ।
2. ਧਰਮ ਅਤੇ ਧਰਮ ਦਰਸ਼ਨ ਵਿਚਲੀ ਸਮਾਨਤਾ ਉਪਰ ਚਰਚਾ ਕਰੋ।

**1.6.8 ਪੁਸਤਕਾਂ :**

1. ਧਰਮ ਦੀ ਉਤਪਤੀ ਤੇ ਵਿਕਾਸ : ਐਫ. ਮੈਕਸਮੂਲਰ
2. ਧਰਮ ਅਧਿਐਨ ਅਤੇ ਸਿੱਖ ਅਧਿਐਨ : ਦਰਸ਼ਨ ਸਿੰਘ
3. ਧਰਮ ਦਰਸ਼ਨ : ਮਨਜੀਤ ਸਿੰਘ

ਪਾਠ ਨੰ: 1.7

## ਧਰਮ ਅਤੇ ਨੈਤਿਕਤਾ – ਅੰਤਰ ਅਤੇ ਸੰਬੰਧ

1.7.1 ਉਦੇਸ਼
1.7.2 ਭੂਮਿਕਾ
1.7.3 ਨੈਤਿਕਤਾ ਦੀ ਪਰਿਭਾਸ਼ਾ
1.7.4 ਨੈਤਿਕਤਾ ਅਤੇ ਧਰਮ
1.7.5 ਨੈਤਿਕ ਵਤੀਰਾ ਆਦਰਸ਼ਕ ਅਤੇ ਸ਼ੁਭ
1.7.6 ਧਰਮ ਦਾ ਸਰੂਪ
1.7.7 ਧਰਮ ਅਤੇ ਨੈਤਿਕਤਾ ਦੀ ਪਰਸਪਰ ਸਾਂਝ
1.7.8 ਧਰਮ ਅਤੇ ਨੈਤਿਕਤਾ ਵਿਚ ਭਿੰਨਤਾ
1.7.9 ਨੈਤਿਕਤਾ ਅਤੇ ਧਰਮ ਵਿਚ ਨਿਕਟ ਸੰਬੰਧ
1.7.10 ਸਿੱਟਾ
1.7.11 ਪ੍ਰਸ਼ਨ
1.7.12 ਪੁਸਤਕਾਂ

### 1.7.1 ਉਦੇਸ਼ :

ਇਸ ਪਾਠ ਵਿਚ ਵਿਦਿਆਰਥੀਆਂ ਨੂੰ ਧਰਮ ਅਤੇ ਨੈਤਿਕਤਾ ਦੇ ਆਪਸੀ ਸੰਬੰਧ ਅਤੇ ਅੰਤਰ ਬਾਬਤ ਜਾਣਕਾਰੀ ਦਿੱਤੀ ਗਹੀ ਹੈ। ਇਸ ਪਾਠ ਵਿਚ ਧਰਮ ਦਾ ਅਧਾਰ ਨੈਤਿਕਤਾ ਕਿਉਂ ਹੈ ਤੇ ਨੈਤਿਕਤਾ ਦਾ ਅਧਾਰ ਧਰਮ ਹੇ ਜਾਂ ਨਹੀਂ ਇਸ ਬਾਰੇ ਵੀ ਦੱਸਿਆ ਗਿਆ ਹੈ।

### 1.7.2 ਭੂਮਿਕਾ

ਇਸ ਪਾਠ ਦੇ ਅੰਤਰਗਤ ਨੈਤਿਕਤਾ ਦੀ ਪਰਿਭਾਸ਼ਾ ਨਿਸ਼ਚਿਤ ਕਰਦਿਆਂ ਹੋਇਆਂ ਧਰਮ ਅਤੇ ਨੈਤਿਕਤਾ ਵਿਚਲੀ ਸਾਂਝ ਨੂੰ ਉਜਾਗਰ ਕੀਤਾ ਹੈ। ਨੈਤਿਕਤਾ ਅਤੇ ਧਰਮ ਦੋਨਾਂ ਦੇ ਮਾਨਵ-ਹਿਤੈਸ਼ੀ ਪਹਿਲੂਆਂ ਨੂੰ ਪ੍ਰਗਟਾਇਆ ਗਿਆ ਹੈ। ਧਰਮ ਦੇ ਸਰੂਪ ਦੀ ਵਿਆਖਿਆ ਕੀਤੀ ਗਈ ਹੈ। ਧਰਮ ਅਤੇ ਨੈਤਿਕਤਾ ਦੀ ਤੁਲਣਾ ਕਰਦਿਆਂ ਹੋਇਆ ਇਹ ਸਥਾਪਿਤ ਕੀਤਾ ਗਿਆ ਹੈ ਕਿ ਧਰਮ ਅਤੇ ਨੈਤਿਕਤਾ ਦੋਵੇਂ ਹੀ ਮਨੁੱਖ ਨੂੰ ਸਰਵਪੱਖੀ ਸ਼ੁੱਧਤਾ ਅਤੇ ਉੱਚਤਾ ਦਾ ਧਾਰਣੀ ਬਣਾਉਂਦੇ ਹਨ।

### 1.7.3 ਨੈਤਿਕਤਾ ਦੀ ਪਰਿਭਾਸ਼ਾ

ਨੈਤਿਕਤਾ, ਹਿੰਦੀ ਸ਼ਬਦ 'ਨੀਤੀ' ਤੋਂ ਪੰਜਾਬੀ ਵਿਚ ਆਇਆ ਹੈ। ਨੀਤੀ ਦਾ ਅਰਥ ਉਹ ਰਵੱਈਆ, ਉਹ ਰੁਝਾਨ, ਉਹ ਅਸੂਲ ਹੁੰਦਾ ਹੈ ਜਿਹੜਾ ਮਨੁੱਖੀ ਵਰਤਾਰੇ ਨੂੰ ਨਿਯਮਬਧ ਕਰਦਾ ਹੈ। ਨੀਤੀ ਦਾ ਸਾਰੰਸ਼ ਇਹ ਦਿੱਤਾ ਗਿਆ ਹੈ ਕਿ ਅਸੀਂ ਦੂਜੇ ਮਨੁੱਖਾਂ ਨਾਲ ਉਸ ਪ੍ਰਕਾਰ ਦਾ ਵਰਤਾਓ ਕਰੀਏ ਜਿਹੋ ਜਿਹਾ ਅਸੀਂ ਚਾਹੁੰਦੇ ਹਾਂ ਕਿ ਉਹ ਸਾਡੇ ਨਾਲ ਕਰਨ।

ਨੈਤਿਕਤਾ ਲਈ ਅੰਗਰੇਜ਼ੀ ਦੇ ਸ਼ਬਦ Ethics ਦੀ ਵਰਤੋਂ ਹੁੰਦੀ ਹੈ। ਇਸ ਸ਼ਬਦ ਦਾ ਮੂਲ ਰੂਪ ਯੂਨਾਨੀ

Ethos ਹੈ ਜਿਸ ਦਾ ਅਰਥ ਹੈ ਵਰਤੋਂ ਵਿਹਾਰ, ਜਾਂ ਆਦਤਾਂ। ਲਾਤੀਨੀ ਸ਼ਬਦ mores ਤੋਂ ਅੰਗਰੇਜ਼ੀ ਦਾ ਸ਼ਬਦ moral ਬਣਿਆ ਹੈ। ਇਸ ਦਾ ਅਰਥ ਵੀ ਪਰੰਪਰਾਵਾਂ, ਰੀਤੀਆਂ ਜਾਂ ਸੁਭਾਅ ਹੈ ਤੇ ਇਸ ਤੋਂ morality ਸ਼ਬਦ ਬਣਿਆ ਹੈ। morality ਦਾ ਅਰਥ ਹੈ ਸਦਾਚਾਰ।

ਨੈਤਿਕਤਾ ਨੂੰ ਪੰਜਾਬੀ ਵਿਚ ਸਦਾਚਾਰ ਆਖਦੇ ਹਾਂ। 'ਆਚਾਰ' ਸ਼ਬਦ ਦਾ ਅਰਥ ਹੈ ਚਾਲ ਚਲਣ। ਵਰਤਾਓ, ਵਿਹਾਰ। ਇਸ ਸ਼ਬਦ 'ਆਚਾਰ' ਦੇ ਅੱਗੇ 'ਦੁਰ' ਜਾਂ 'ਸਦ' ਅਗੇਤਰ ਲਾ ਕੇ ਦੁਰਾਚਾਰ ਅਤੇ ਸਦਾਚਾਰ ਸ਼ਬਦ ਬਣਾਏ ਗਏ ਹਨ। 'ਦੁਰਾਚਾਰੀ' ਸ਼ਬਦ ਤੋਂ ਅਸੀਂ ਤੁਰੰਤ ਸਮਝ ਜਾਂਦੇ ਹਾਂ ਕਿ ਕਿਸੇ ਬੁਰੇ ਮਨੁੱਖ ਦੀ ਗੱਲ ਹੋ ਰਹੀ ਹੈ ਤੇ ਸਦਾਚਾਰੀ ਆਦਮੀ ਨੇਕ ਮਨੁੱਖ ਨੂੰ ਕਿਹਾ ਜਾਂਦਾ ਹੈ।

### 1.7.4 ਨੈਤਿਕਤਾ ਅਤੇ ਧਰਮ

ਨੈਤਿਕਤਾ ਅਤੇ ਧਰਮ ਮਨੁੱਖੀ ਜੀਵਨ ਦੇ ਬੜੇ ਮਹਾਨਤਾ ਵਾਲੇ ਪੱਖ ਹਨ। ਮਨੁੱਖੀ ਇਤਿਹਾਸ ਵਿਚ ਅਤੇ ਮਨੁੱਖੀ ਸਮਾਜ ਦੇ ਵਿਕਾਸ ਵਿਚ ਇਹਨਾਂ ਦੋਹਾਂ ਦਾ ਬੜਾ ਅਹਿਮ ਹਿੱਸਾ ਹੈ। ਨੈਤਿਕਤਾ ਅਤੇ ਧਰਮ ਮਨੁੱਖੀ ਸ਼ਖਸ਼ੀਅਤ ਦੇ ਅਜਿਹੇ ਜੀਵਨ ਢੰਗ ਹਨ ਜੋ ਇਸ ਨੂੰ ਪਸ਼ੂ ਸੰਸਾਰ ਅਤੇ ਜੜ੍ਹ ਪ੍ਰਕਿਤੀ ਤੋਂ ਭਿੰਨ ਕਰਦੇ ਹਨ। ਇਸ ਲਈ ਇਨ੍ਹਾਂ ਦੋਹਾਂ ਸ਼ਬਦਾਂ ਨੂੰ ਵਿਸਤਾਰ ਨਾਲ ਸਮਝਣ ਦੀ ਲੋੜ ਹੈ।

ਧਿਆਨ ਦੇਣ ਯੋਗ ਗੱਲ ਇਹ ਹੈ ਕਿ ਰਸਮਾਂ, ਰੀਤਾਂ ਅਤੇ ਆਦਤਾਂ ਦੇ ਕਈ ਵਰਗ ਹਨ ਪਰੰਤੂ ਨੈਤਿਕਤਾ ਜਾਂ ਸਦਾਚਾਰ ਵਿਚ ਕੇਵਲ ਉਹਨਾਂ ਰੀਤੀ ਰਿਵਾਜਾਂ ਦਾ ਵਰਣਨ ਆਉਂਦਾ ਹੈ ਜਿਹਨਾਂ ਨੂੰ ਸ਼ੁਭ, ਸੁਖਾਵਾਂ, ਸਰੇਸ਼ਟ ਤੇ ਉਚਿਤ ਮੰਨਿਆ ਗਿਆ ਹੋਵੇ। ਮਨੁੱਖੀ ਵਤੀਰੇ ਦੇ ਦੋ ਰੂਪ ਹਨ:

1. ਉਹ ਕੰਮ ਜੋ ਅਸੀਂ ਕੀਤੇ।
2. ਉਹ ਕੰਮ ਜੋ ਸਾਨੂੰ ਕਰਨੇ ਚਾਹੀਦੇ ਹਨ।

ਨੈਤਿਕਤਾ ਦੂਜੀ ਕਿਸਮ ਦਾ ਵਤੀਰਾ ਹੈ, ਭਾਵ ਉਹ ਕੰਮ ਜਿਹੜੇ ਕੀਤੇ ਜਾਣੇ ਚਾਹੀਦੇ ਹਨ। ਇਹ ਆਦਰਸ਼ਵਾਦੀ ਵਤੀਰਾ ਹੈ। 'ਨੈਤਿਕਤਾ ਆਦਰਸ਼ਵਾਦੀ ਰੁਝਾਨ ਹੈ ਜੋ ਘੱਟੋ ਘੱਟ ਆਦਰਸ਼ ਦੇ ਨੇੜੇ ਪੁੱਜਣ ਦਾ ਇੱਛਾਵਾਨ ਹੈ। 'ਜੋ ਹੈ' ਅਤੇ 'ਜੋ ਹੋਣਾ ਚਾਹੀਦਾ ਹੈ,' ਸਾਡੇ ਜੀਵਨ ਵਿਚ ਇਹਨਾਂ ਦੋਹਾਂ ਗੱਲਾਂ ਵਿਚ ਹਮੇਸ਼ਾ ਫਰਕ ਰਿਹਾ ਹੈ।

ਨੈਤਿਕ ਵਤੀਰੇ ਬਾਰੇ ਇਕ ਹੋਰ ਦ੍ਰਿਸ਼ਟੀਕੋਣ ਵੀ ਵਿਚਾਰਨਾ ਜ਼ਰੂਰੀ ਹੈ। ਸਾਡਾ ਵਤੀਰਾ ਉਚਿਤ ਹੋਵੇ , ਯੋਗ ਹੋਵੇ, ਠੀਕ ਹੋਵੇ ਇਹ ਹੋਰ ਗੱਲ ਹੈ ਤੇ ਵਤੀਰਾ ਸ਼ੁਭ ਹੋਵੇ, ਕਲਿਆਣਕਾਰੀ ਹੋਵੇ ਇਹ ਹੋਰ ਗੱਲ ਹੈ। ਉਚਿਤ ਹੋਣਾ ਜਾਂ ਯੋਗ ਹੋਣਾ, ਇਹਨਾਂ ਗੱਲਾਂ ਦਾ ਸਬੰਧ ਨਿਯਮਾਂ ਤੇ ਕਾਨੂੰਨਾਂ ਨਾਲ ਹੈ। ਕਾਨੂੰਨ ਦੀ ਕਿਸੇ ਧਾਰਾ ਅਧੀਨ ਨਾ ਆਉਣਾ ਜ਼ਰੂਰੀ ਨਹੀਂ ਕਿ ਨੈਤਿਕ ਵੀ ਹੋਵੇ। ਇਕ ਕਾਰ ਵਾਲਾ ਬੰਦਾ ਕਿਸੇ ਮੁਸਾਫਰ ਨੂੰ ਕੁਚਲ ਗਿਆ ਤੇ ਕਾਰ ਭਜਾ ਕੇ ਲੈ ਗਿਆ। ਕਾਨੂੰਨ ਉਸ ਨੂੰ ਫੜ ਨਹੀਂ ਸਕਿਆ। ਪਰੰਤੂ ਉਸ ਨੇ ਦੁਰਾਚਾਰ ਕੀਤਾ। ਮੈਂ ਤੁਹਾਨੂੰ ਪ੍ਰਸ਼ਨ ਕਰਦਾ ਹਾਂ 'ਜੇ ਤੁਹਾਨੂੰ ਪੱਕਾ ਪਤਾ ਹੈ ਕਿ ਰਸਤੇ ਵਿਚ ਕੋਈ ਟਿਕਟ ਚੈਕਰ ਨਹੀਂ ਆਵੇਗਾ ਤੇ ਯਕੀਨਨ ਤੁਸੀਂ ਫੜੇ ਨਹੀਂ ਜਾਉਗੇ ਤਾਂ ਕੀ ਤੁਸੀ ਇਸ ਕੰਡਕਟਰ ਤੋਂ ਟਿਕਟ ਖਰੀਦੋਗੇ? ਇਸ ਪ੍ਰਸ਼ਨ ਦਾ ਉੱਤਰ ਹੈ, ਹਾਂ ਮੈਂ ਟਿਕਟ ਖਰੀਦਾਂਗਾ ਹੈ ਤਾਂ ਅਸੀਂ ਨੈਤਿਕ ਵਤੀਰਾ ਅਪਣਾਇਆ ਹੈ, ਜੇ ਟਿਕਟ ਨਹੀਂ ਖਰੀਦਾਂਗਾ ਉੱਤਰ ਹੈ, ਤਾਂ ਭਾਵੇਂ ਤੁਸੀ ਕਾਨੂੰਨ ਦੀ ਪਕੜ ਵਿਚ ਨਹੀਂ ਆਏ ਪਰੰਤੂ ਤੁਸੀਂ ਅਨੈਤਿਕ ਵਿਹਾਰ ਕੀਤਾ। ਨਿਯਮਾਂ ਕਾਨੂੰਨਾਂ ਦੀ ਪਾਲਣਾ ਵਿਚ ਪੂਰਾ ਉਤਰਨਾ ਹੋਰ ਗੱਲ ਹੈ, ਪਰੰਤੂ ਮਨੁੱਖੀ ਧਰਮ ਦੀ ਪਾਲਣਾ ਕਰਨੀ ਹੋਰ ਗੱਲ ਹੈ।

### 1.7.5 ਨੈਤਿਕ ਵਤੀਰਾ ਆਦਰਸ਼ਕ ਅਤੇ ਸ਼ੁਭ

ਨੈਤਿਕਤਾ ਦਾ ਇਤਿਹਾਸ ਮਨੁੱਖਤਾ ਦੀ ਨੇਕੀ ਦਾ ਇਤਿਹਾਸ ਹੈ। ਨੈਤਿਕ ਨੇਮਾਂ ਦਾ ਆਧਾਰ ਕੋਈ ਕੇਂਦਰੀ ਪ੍ਰਮੁੱਖ ਹਸਤੀ ਜਾਂ ਸ਼ਕਤੀ ਹੁੰਦੀ ਹੈ। ਧਰਮ ਸੰਚਾਲਕ, ਰਿਸ਼ੀ, ਗੁਰੂ ਅਤੇ ਪੈਗੰਬਰ ਦਾਅਵਾ ਕਰਦੇ ਹਨ ਕਿ ਉਹ ਰੱਬੀ ਨੇਮ ਦੱਸ ਰਹੇ ਹਨ।ਹਰ ਸਮਾਜ ਦੇ ਉਚ ਆਧਾਰ ਨੈਤਿਕਤਾ ਦਾ ਮਹੱਲ ਤਿਆਰ ਕਰਦੇ ਹਨ।

ਧਰਮ ਦੇ ਸੰਚਾਲਕ ਰਹਿਤਾਂ ਅਤੇ ਕੁਰਹਿਤਾਂ ਨਿਸ਼ਚਿਤ ਕਰਦੇ ਹਨ। ਆਪਣੇ ਮੁਰੀਦਾਂ ਨੂੰ ਦਸਦੇ ਹਨ ਕਿ ਕੀ ਕਰਨਾ ਠੀਕ ਹੈ ਕੀ ਕਰਨਾ ਗਲਤ? ਉਹ ਵਿਧਾਨ ਵੀ ਦਿੰਦੇ ਹਨ ਅਤੇ ਨਿਖੇਧ ਵੀ ਦਸਦੇ ਹਨ। ਵਿਧਾਨ ਅਨੁਸਾਰ ਜੀਵਨ ਬਤੀਤ ਕਰਨਾ ਹੈ ਅਤੇ ਨਖਿੱਧ ਕਰਮਾਂ ਤੋਂ ਬਚਣਾ ਹੈ।

ਹਰ ਸਮਾਜ ਨੇ ਜੀਵਨ ਦਾ ਕੋਈ ਮੰਤਵ ਮਿਥਿਆ ਹੋਇਆ ਹੈ। ਲੰਮਾਂ ਸਮਾਂ ਭਾਰਤੀ ਵੈਦਿਕ ਸਮਾਜ ਦਾ ਮੰਤਵ ਧਰਮ, ਅਰਥ, ਕਾਮ ਅਤੇ ਮੋਕਸ਼ ਰਿਹਾ। ਕਈ ਸਮਾਜਾਂ ਨੇ ਦੁਨਿਆਵੀ ਸੁਖ ਆਨੰਦ ਅਤੇ ਭੋਗ ਨੂੰ ਜੀਵਨ ਦਾ ਆਦਰਸ਼ ਮਿਥਿਆ ਜਿਵੇਂ ਚਾਰਵਾਕ ਦੇ ਸਿਧਾਂਤ। ਨੈਤਿਕਤਾ ਅਤੇ ਧਰਮ ਦੋਹਾਂ ਵਿਚ ਮਨੁੱਖੀ ਵਤੀਰੇ ਦੇ ਗੁਣ ਜਾਂ ਖੂਬੀਆਂ ਨੂੰ ਮਹਾਨਤਾ ਦਿੱਤੀ ਜਾਂਦੀ ਹੈ। ਸਦਾਚਾਰ ਵਿਚ ਗੁਣ ਬੁਨਿਆਦੀ ਹਨ। ਇਸੇ ਤਰ੍ਹਾਂ ਗੁਰੂ ਜੀ ਦਾ ਫੁਰਮਾਨ ਹੈ, ''ਵਿਣੁ ਗੁਣਿ ਕੀਤੇ ਭਗਤਿ ਨ ਹੋਇ।'' ਧਰਮਾਤਮਾ ਤਦ ਹੀ ਅਖਵਾਉਗੇ ਜੇ ਨੇਕ ਹੋਵੋਗੇ। ਸਤ, ਸੰਤੋਖ, ਦਇਆ, ਬਿਬੇਕ, ਸ਼ਰਧਾ, ਭਰੋਸਾ, ਪਿਆਰ, ਹਮਦਰਦੀ ਸਭ ਵਿਸ਼ੇਸ਼ ਧਾਰਮਿਕ ਗੁਣ (theological virtues) ਹਨ।

### 1.7.6 ਧਰਮ ਦਾ ਸਰੂਪ

ਧਰਮ ਉਹਨਾਂ ਵਿਸ਼ਵਾਸਾਂ ਦਾ ਨਾ ਹੈ ਜੋ ਅਸੀਂ ਧਾਰਣ ਕੀਤੇ, ਭਾਵ ਅਪਣਾ ਲਏ ਹਨ। ਧਰਮ ਉਹ ਨੇਕ ਕਰਮ ਹਨ ਜੋ ਸਮਾਜ ਨੂੰ ਕਾਇਮ ਰੱਖਦੇ ਹਨ, ਟਿਕਾਈ ਰੱਖਦੇ ਹਨ। ਧਰਮ ਖੰਡਾਂ ਬ੍ਰਹਿਮੰਡਾਂ ਦਾ ਆਸਰਾ ਹੈ। ਗੁਰੂ ਨਾਨਕ ਦੇਵ ਜੀ ਨੇ ਦੱਸਿਆ ਕਿ ਕਿਸੇ ਬਲਦ ਨੇ ਧਰਤੀ ਆਪਣੇ ਸਿੰਗਾਂ ਉਪਰ ਨਹੀਂ ਉਠਾਈ ਸਗੋਂ ਧਰਮ ਉਹ ਬੈਲ ਹੈ ਜਿਸ ਨੇ ਧਰਤੀ ਦਾ ਭਾਰ ਚੁਕਿਆ ਹੋਇਆ ਹੈ। ਧਰਮ ਦਾ ਆਧਾਰ ਦਇਆ ਹੈ ਤੇ ਦਇਆ ਸੰਤੋਖ ਨੂੰ ਜਨਮ ਦਿੰਦੀ ਹੈ ਤੇ ਇਸ ਤਰ੍ਹਾਂ ਬ੍ਰਹਿਮੰਡ ਦਾ ਸੂਤਰ ਜਾਂ ਵਿਧਾਨ ਕਾਇਮ ਰੱਖਦੀ ਹੈ। ਗੁਰੂ ਨਾਨਕ ਦੇਵ ਜੀ ਦਾ ਬਚਨ ਹੈ:

ਧੌਲ ਧਰਮ ਦਇਆ ਕਾ ਪੂਤ।
ਸੰਤੋਖ ਥਾਪਿ ਰਖਿਆ ਜਿਨਿ ਸੂਤਿ।।

ਧਰਮ ਲਈ ਪੱਛਮ ਦਾ ਸ਼ਬਦ ਰਿਲੀਜਨ (religion) ਹੈ ਜਿਸ ਦਾ ਅਰਥ ਹੈ 'ਮੁੜਕੇ ਬੰਨ੍ਹ ਦੇਣਾ' : ligion ਦਾ ਅਰਥ ਹੈ ਬੰਧੇਜ, ਤੇ re ਭਾਵ ਦੁਬਾਰਾ। ਸੋ ਰਿਲੀਜਨ ਦਾ ਅਰਥ ਹੋਇਆ ਟੁੱਟੇ ਲੋਕਾਂ ਨੂੰ ਮੁੜ ਪ੍ਰਭੂ ਪਿਆਰ ਦੇ ਧਾਗੇ ਨਾਲ ਬੰਨ੍ਹ ਦੇਣਾ। ਇਹੀ ਉਹ ਧਾਗਾ ਹੈ ਜੋ ਸਮਾਜਕ ਢਾਂਚੇ ਨੂੰ ਜੋੜ ਕੇ ਰੱਖਦਾ ਹੈ। ਧਰਮ ਜਦੋਂ ਸਭ ਮਨੁੱਖਾਂ ਨੂੰ ਰੱਬ ਨਾਲ ਜੋੜਦਾ ਹੈ ਤਾਂ ਲੋਕਾਂ ਦਾ ਆਪਸ ਵਿਚ ਪਿਆਰ ਨਾਲ ਜੁੜ ਜਾਣਾ ਕੁਦਰਤੀ ਹੁੰਦਾ ਹੈ।

ਇਹ ਸਰਲ ਤੇ ਸਾਦੀ ਜਿਹੀ ਪਰਿਭਾਸ਼ਾ ਹੈ ਪਰੰਤੂ ਮਨੁੱਖੀ ਇਤਿਹਾਸ ਬੜਾ ਲੰਮਾ ਹੈ, ਇਸ ਲਈ ਧਰਮ ਦਾ ਸੰਕਲਪ ਵੀ ਵਿਸ਼ਾਲ ਤੇ ਬਹੁਪੱਖੀ ਹੋ ਗਿਆ ਹੈ। ਸੋ ਧਰਮ ਦੀ ਸੰਪੂਰਨ ਤੇ ਅੰਤਿਮ ਪਰਿਭਾਸ਼ਾ ਦੇ ਸਕਣਾ ਬਹੁਤ ਕਠਿਨ ਹੋ ਗਿਆ ਹੈ। ਧਰਮ ਦੀ ਪਰਿਭਾਸ਼ਾ ਦੇਣ ਵੇਲੇ ਇਹ ਜ਼ਰੂਰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਅਜਿਹੀਆਂ ਕਿਹੜੀਆਂ ਵਿਸ਼ੇਸ਼ਤਾਵਾਂ ਹਨ ਜਿਹੜੀਆਂ ਧਰਮ ਵਿਚ ਤਾਂ ਹਨ ਪਰੰਤੂ ਸਮਾਜ ਦੇ ਆਰਥਿਕ ਜਾਂ ਸਮਾਜਕ ਪੱਖਾਂ ਵਿਚ ਨਹੀਂ ਹਨ। ਸਾਰੇ ਧਰਮਾਂ ਦੇ ਕੁਝ ਅਜਿਹੇ ਸਾਂਝੇ ਤੱਤ ਹਨ ਜੋ ਧਰਮਾਂ ਨੂੰ ਆਪਸ ਵਿਚ ਮਿਲਾਉਂਦੇ ਹਨ। ਅਜਿਹੇ ਲੱਛਣ ਵੀ ਪਰਿਭਾਸ਼ਾ ਵਿਚ ਸ਼ਾਮਲ ਹੋਣੇ ਚਾਹੀਦੇ ਹਨ।

ਇਸ ਤਰ੍ਹਾਂ ਵਿਚਾਰਿਆ ਸਾਡੀ ਪਰਿਭਾਸ਼ਾ ਇਹ ਬਣਦੀ ਹੈ ਕਿ ਧਰਮ ਪਰਮਸੱਤਾ ਵਿਚ ਵਿਸ਼ਵਾਸ ਦਾ ਵਿਧਾਨ ਹੈ ਤੇ ਇਸ ਵਿਧਾਨ ਵਿਚ ਸ਼ਰਧਾ, ਪ੍ਰੇਮ ਤੇ ਕੋਮਲ ਭਾਵਨਾਵਾਂ, ਪ੍ਰਾਰਥਨਾਵਾਂ ਸ਼ਾਮਲ ਹਨ। ਧਰਮ ਅਣਦੇਖੀਆਂ ਸ਼ਕਤੀਆਂ ਵਿਚ ਵਿਸ਼ਵਾਸ ਰੱਖਦਾ ਹੈ।

### 1.7.7 ਧਰਮ ਅਤੇ ਨੈਤਿਕਤਾ ਦੀ ਪਰਸਪਰ ਸਾਂਝ

ਨੈਤਿਕਤਾ ਅਤੇ ਧਰਮ ਦੇ ਆਪਸੀ ਸੰਬੰਧਾਂ ਬਾਰੇ ਸੰਸਾਰ ਵਿਚ ਦੋ ਰਾਵਾਂ ਪ੍ਰਚੱਲਤ ਹਨ। ਇਕ ਵਿਚਾਰਧਾਰਾ ਇਹ ਹੈ ਕਿ ਨੈਤਿਕ ਜੀਵਨ ਬਤੀਤ ਕਰਨ ਲਈ ਕਿਸੇ ਅਗੰਮੀ ਅਣਦੇਖੀ ਸ਼ਕਤੀ ਰੱਬ, ਈਸ਼ਵਰ

ਆਦਿ ਵਿਚ ਵਿਸ਼ਵਾਸ ਦੀ ਜ਼ਰੂਰਤ ਨਹੀਂ ਹੈ। ਅਜਿਹੇ ਵਿਸ਼ਵਾਸ ਤੋਂ ਬਿਨਾਂ ਵੀ ਮਨੁੱਖ ਨੇਕ ਹੋ ਸਕਦਾ ਹੈ ਇਹ ਵਿਚਾਰ ਸ਼ਾਕਤਾਂ, ਚਾਰਵਾਕੀਆਂ ਅਤੇ ਮਾਰਕਸਵਾਦੀਆਂ ਦੇ ਹਨ। ਇਨ੍ਹਾਂ ਦਾ ਵਿਚਾਰ ਹੈ ਕਿ ਚੰਗਿਆਈਆਂ ਕਰਨ ਲਈ ਰੱਬ ਤੋਂ ਬਿਨਾਂ ਗੁਜ਼ਾਰਾ ਸੰਭਵ ਹੈ।

ਦੂਜਾ ਮੱਤ ਅਤਿ ਪ੍ਰਾਚੀਨ ਤੇ ਸਰਬ ਪ੍ਰਵਾਨਿਤ ਹੈ ਕਿ ਮਨੁੱਖ ਲਈ ਆਸਤਕ ਹੋਣਾ ਜ਼ਰੂਰੀ ਹੈ ਤਾਂ ਜੋ ਉਹ ਨੈਤਿਕ ਹੋ ਸਕੇ। ਸਾਨੂੰ ਪਤਾ ਹੀ ਨਹੀਂ ਕੀ ਚੰਗਾ ਹੈ ਕੀ ਮਾੜਾ। ਇਹ ਸਾਨੂੰ ਧਰਮ ਹੀ ਦੱਸਦਾ ਹੈ। ਰਹਿਤ ਨਿਸ਼ਚਿਤ ਕਰਕੇ ਧਰਮ ਰਾਂਹੀ ਦ੍ਰਿੜ ਕਰਵਾਉਂਦਾ ਹੈ ਕਿ ਇਹ ਕੰਮ ਕਰੋਗੇ ਤਾਂ ਰੱਬ ਖੁਸ਼ ਹੋਵੇਗਾ। ਜੇ ਮਨਾਹੀ ਵਾਲੇ ਕੰਮ ਕਰੋਗੇ ਤਾਂ ਰੱਬ ਦੀ ਕਰੋਪੀ ਹੋਵੇਗੀ। ਹਰ ਧਰਮ ਵਿਚ ਦੋ ਪ੍ਰਕਾਰ ਦੇ ਕਰਮ ਹੁੰਦੇ ਹਨ। ਇਕ ਉਹ ਜੋ ਕੇਵਲ ਉਸੇ ਧਰਮ ਨਾਲ ਸੰਬੰਧਤ ਸੰਸਕਾਰ ਹਨ-ਜਿਵੇਂ ਇਸਲਾਮ ਵਿਚ ਨਮਾਜ਼, ਕਲਮਾਂ, ਹੱਜ, ਰੋਜ਼ਾ ਆਦਿਕ। ਦੂਜੇ ਕੰਮ ਸਦਾਚਾਰ ਨਾਲ ਸੰਬੰਧਿਤ ਹਨ। ਦੂਜੀ ਕਿਸਮ ਦੇ ਕੰਮ ਵੀ ਦੋ ਤਰ੍ਹਾਂ ਦੇ ਹੁੰਦੇ ਹਨ।ਇਕ ਉਹ ਜਿਹਨਾਂ ਨਾਲ ਅਸੀਂ ਆਤਮ ਵਿਕਾਸ ਕਰਦੇ ਹਾਂ, ਆਪਣੇ ਆਪ ਨੂੰ ਚੰਗੇਰੇ ਬਣਾਉਂਦੇ ਹਾਂ। ਦੂਜੀ ਕਿਸਮ ਦੇ ਉਹ ਕਾਰਜ ਹਨ ਜੋ ਸਾਡੇ ਭਾਈਚਾਰੇ ਦੇ ਮੈਂਬਰਾਂ ਦੇ ਭਲੇ ਲਈ ਹਨ। ਸਭ ਧਰਮਾਂ ਨੇ ਕਿਹਾ ਹੈ ਕਿ ਚੰਗੇ ਕੰਮ ਕਰਨ ਵਾਲੇ ਬੰਦੇ ਪ੍ਰਭੂ ਦੇ ਨੇੜੇ ਹਨ।

### 1.7.8 ਧਰਮ ਅਤੇ ਨੈਤਿਕਤਾ ਵਿਚ ਭਿੰਨਤਾ

ਉਪਰੋਕਤ ਪੈਰੇ ਤੋਂ ਇਹ ਸਪਸ਼ਟ ਹੈ ਕਿ ਬੇਸ਼ੱਕ ਧਰਮ ਤੇ ਨੈਤਿਕਤਾ ਅੰਤਰ ਸੰਬੰਧਿਤ ਹਨ, ਫਿਰ ਵੀ ਇਹ ਸਾਡੇ ਜੀਵਨ ਦੇ ਦੋ ਪੱਖ ਤਾਂ ਹਨ ਹੀ। ਇਹਨਾਂ ਦੋਹਾਂ ਵਿਚ ਭਿੰਨਤਾਵਾਂ ਇਹ ਹਨਃ

### 1. ਧਰਮ ਵਿਸ਼ਾਲ, ਨੈਤਿਕਤਾ ਸੀਮਤ

ਧਰਮ ਦਾ ਖੇਤਰ ਅਸੀਮ ਹੈ। ਧਰਮ ਉਸ ਸ਼ਕਤੀ ਵਿਚ ਵਿਸ਼ਵਾਸ ਰੱਖਦਾ ਹੈ ਜਿਸ ਦਾ ਕਦੀ ਅੰਤ ਨਹੀਂ ਹੋਵੇਗਾ ਅਤੇ ਜਿਸ ਦੀ ਕੋਈ ਸੀਮਾ ਨਹੀਂ। ਰੱਬ ਲੱਖਾਂ ਪਾਤਾਲਾਂ ਅਤੇ ਲੱਖਾਂ ਆਕਾਸ਼ਾਂ ਦਾ ਸੁਆਮੀ ਹੈ ਤੇ ਉਸ ਦੀਆਂ ਸ਼ਕਤੀਆਂ ਅਨੰਤ ਹਨ ਪਰੰਤੂ ਨੈਤਿਕ ਨਿਯਮ ਕੇਵਲ ਸਾਡੇ ਚੌਗਿਰਦੇ ਨਾਲ ਸੰਬੰਧਿਤ ਹਨ। ਅਸੀਂ ਜੋ ਚੰਗੇ ਕੰਮ ਕਰਦੇ ਹਾਂ ਉਹਨਾਂ ਦਾ ਸੰਬੰਧ ਸਾਡੇ ਸਮਾਜ ਸਾਡੇ ਦੇਸ਼ ਜਾਂ ਵੱਧ ਤੋਂ ਵੱਧ ਸਾਡੀ ਧਰਤੀ ਨਾਲ ਹੋ ਸਕਦਾ ਹੈ। ਚੰਦ ਤਾਰਿਆਂ ਨੂੰ ਸਾਡੀ ਨੇਕੀ ਨਾਲ ਕੀ ਸਰੋਕਾਰ?

### 2. ਧਰਮ ਵਿਚ ਰਸਮਾਂ ਰੀਤਾਂ ਪਰੰਤੂ ਨੈਤਿਕਤਾ ਸੁਤੰਤਰ

ਧਰਮ ਵਿਚ ਕਿਤੇ ਯੱਗ ਹਨ ਕਿਧਰੇ ਵਰਤ, ਪੂਜਾ ਵਿਧੀਆਂ, ਮੰਦਰ, ਗੁਰਦੁਆਰੇ, ਨਮਾਜ਼ਾਂ, ਨਿਤਨੇਮ, ਅਰਦਾਸਾਂ ਤੇ ਮੂਰਤੀਆਂ ਸਭ ਇਸ ਦਾਇਰੇ ਵਿਚ ਸ਼ਾਮਲ ਹਨ। ਤਿਲਕ ਲਾਉਣੇ, ਸੁੰਨਤ ਕਰਵਾਉਣੀ ਅਤੇ ਕਕਾਰ ਧਾਰਣ ਕਰਨਾ ਜ਼ਰੂਰੀ ਦੱਸਿਆ ਜਾਂਦਾ ਹੈ। ਇਹਨਾਂ ਰਹਿਤਾਂ ਨੂੰ ਰੱਖਣ ਨਾਲ ਕਿਹਾ ਜਾਂਦਾ ਹੈ ਕਿ ਰੱਬ ਖੁਸ਼ ਹੁੰਦਾ ਹੈ। ਪਰੰਤੂ ਨੈਤਿਕਤਾ ਨੂੰ ਸਹੀ ਮੰਨਣ ਵਾਲੇ ਨਾਸਤਿਕ ਆਖਦੇ ਹਨ ਕਿ ਰੱਬ ਨਹੀਂ ਖੁਸ਼ ਹੁੰਦਾ ਨਾ ਹੋਵੇ, ਅਸੀਂ ਕਰਮ ਕਾਂਡ ਕਰਨ ਦੀ ਥਾਂ ਚੰਗੇ ਕੰਮ ਕਰਾਂਗੇ। ਧਾਰਮਿਕ ਲੋਕ ਆਖਦੇ ਹਨ ਕਿ ਸਾਡਾ ਮਨੋਰਥ ਮੁਕਤੀ ਪ੍ਰਾਪਤ ਕਰਨਾ ਹੈ। ਪਰ ਨੈਤਿਕਤਾ ਦਾ ਮੰਤਵ ਮੁਕਤੀ ਨਹੀਂ। ਧਰਮ ਵਿਚ ਨੈਤਿਕਤਾ ਅਤੇ ਪੂਜਾ ਦੋਵੇ ਸ਼ਾਮਲ ਹਨ ਪਰੰਤੂ ਨੈਤਿਕਤਾ ਵਿਚ ਪੂਜਾ ਪਾਠ ਜ਼ਰੂਰੀ ਨਹੀਂ ਮੰਨਿਆ ਗਿਆ।

### 3. ਧਰਮ ਦਾ ਖੇਤਰ ਅਨੁਭਵ ਪਰੰਤੂ ਨੈਤਿਕਤਾ ਦਾ ਕਰਮਸ਼ੀਲਤਾ

ਨੈਤਿਕਤਾ ਚੰਗੇ ਕਰਮ ਕਰਨ ਅਤੇ ਅੱਛਾ ਉੱਦਮ ਕਰਨ ਉੱਤੇ ਜ਼ੋਰ ਦਿੰਦੀ ਹੈ ਪਰੰਤੂ ਧਰਮ ਆਤਮਿਕ ਆਨੰਦ ਨੂੰ ਪ੍ਰਮੁੱਖਤਾ ਦਿੰਦਾ ਹੈ। ਧਰਮ ਮਸਤੀ ਅਤੇ ਵਿਸਮਾਦ ਦੀ ਪ੍ਰਾਪਤੀ ਲੋਚਦਾ ਹੈ। ਇਹ ਅੰਦਰੂਨੀ ਅਨੁਭਵ ਹੈ, ਪ੍ਰਭੂ ਮਿਲਾਪ ਦਾ ਸੁਖ ਮਾਣਨਾ ਹੈ, ਅਕੱਥ ਵਿਸਮਾਦ ਦਾ ਆਨੰਦ ਮਾਣਨਾ ਹੈ, ਲਿਵ ਵਿਚ ਲੀਨ ਹੋਣਾ ਹੈ। ਮੈਥਿਊ ਆਰਨਲਡ ਨੇ ਕਿਹਾ ਹੈ ਕਿ ਧਰਮ ਨੈਤਿਕਤਾ ਹੀ ਹੈ ਜਿਸ ਨੂੰ ਜਜ਼ਬੇ ਦੀ ਪੁੱਠ ਲੱਗੀ ਹੋਈ ਹੈ। ਰੁਡਲਫ ਓਟੋ ਦਾ ਵਿਚਾਰ ਹੈ ਕਿ ਧਰਮ ਪਵਿੱਤਰ ਅਨੁਭਵ ਹੈ ਪਰੰਤੂ ਇਸ ਵਿਚ ਨੈਤਿਕਤਾ ਦੀ ਚਾਸ਼ਨੀ ਹੈ।

ਮਨੋਵਿਗਿਆਨੀ ਮਕਡੂਗਲ ਅਨੁਸਾਰ ਨੈਤਿਕਤਾ ਵਿਚ ਆਪਣਾ ਆਪ ਕੁਰਬਾਨ ਕਰਨ ਦਾ ਜਜ਼ਬਾ ਹੈ

ਜਦੋਂ ਕਿ ਧਰਮੀ ਪੁਰਸ਼ ਸਭ ਕੰਮ ਪ੍ਰਭੂ ਨਮਿੱਤ ਕਰਦਾ ਹੈ। ਧਰਮ, ਗਿਆਨ ਅਤੇ ਨੈਤਿਕਤਾ ਦੋਹਾਂ ਦਾ ਉਪਾਸਕ ਹੈ, ਪਰੰਤੂ ਨੈਤਿਕਤਾ ਕੇਵਲ ਕਰਣੀ ਤੇ ਜ਼ੋਰ ਦਿੰਦੀ ਹੈ। ਗਿਆਨ ਦਾ ਭਾਵ ਚੌਗਿਰਦੇ ਦਾ ਗਿਆਨ ਨਹੀਂ। ਇਹ ਬ੍ਰਹਮ ਗਿਆਨ ਹੈ ਜਿਸ ਨੇ ਆਨੰਦ ਦਿੱਤਾ। ਬ੍ਰਹਮ ਗਿਆਨੀ ਕਰਮ ਨਾ ਵੀ ਕਰੇ ਤਾਂ ਵੀ ਉਹ ਵੱਡਾ ਹੈ। ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਗਿਆਨ ਨੂੰ ਪਰਮੇਸ਼ਵਰ ਤੱਕ ਕਿਹਾ ਹੈ। ਸੁਕਰਾਤ ਦਾ ਕਥਨ ਹੈ ਕਿ ਗਿਆਨ ਉੱਤਮ ਗੁਣ ਹੈ (Knowledge is virtue) ਪਰ ਇਸ ਕਥਨ ਦੀ ਇਹ ਵਿਆਖਿਆ ਕੀਤੀ ਗਈ ਹੈ ਕਿ ਜੋ ਗਿਆਨੀ ਹੈ ਉਹ ਸ਼ੁਭ ਕੰਮ ਕਰੇਗਾ ਹੀ। ਗਿਆਨੀ ਦਾ ਪਤਾ ਉਸ ਦੀ ਕਰਨੀ ਤੋਂ ਹੀ ਲਗਦਾ ਹੈ ਗੱਲਾਂ ਤੋਂ ਨਹੀਂ। ਗਿਆਨੀ ਬੁਰਾਈ ਨਹੀਂ ਕਰਦਾ ਬੁਰਾਈ ਕਰਨ ਦੀ ਪ੍ਰੇਰਨਾ ਨਹੀਂ ਦਿੰਦਾ ਪਰੰਤੂ ਧਰਮ ਵਿਚ ਗਿਆਨੀ ਆਦਮੀ ਲਈ ਜ਼ਰੂਰੀ ਨਹੀਂ ਕਿ ਉਹ ਕਰਮ ਵੀ ਕਰੇ।

**4. ਨੈਤਿਕਤਾ ਦਾ ਸੰਬੰਧ ਮਨੁੱਖ ਨਾਲ, ਧਰਮ ਦਾ ਰੱਬ ਨਾਲ**

ਨੈਤਿਕਵਾਦੀਆਂ ਲਈ ਸੰਸਾਰ ਦਾ ਮੁੱਖ ਕੇਂਦਰ ਮਨੁੱਖ ਅਤੇ ਹੈ, ਉਹ ਪ੍ਰਮੁੱਖ ਹੈ। ਸਾਰਾ ਸੰਸਾਰ ਮਨੁੱਖ ਲਈ ਬਣਿਆ ਹੈ ਤੇ ਹਰ ਉਹ ਕੰਮ ਚੰਗਾ ਹੈ ਜੋ ਮਨੁੱਖ ਲਈ ਕਲਿਆਣਕਾਰੀ ਹੋਵੇਗਾ। ਇਹ ਉਹ ਸਿਧਾਂਤ ਹੈ ਜਿਸ ਨੂੰ ਮਾਨਵਵਾਦ (humanism) ਕਿਹਾ ਜਾਂਦਾ ਹੈ। ਇਸ ਸਿਧਾਂਤ ਵਿਚ ਰੱਬ ਵਿਸ਼ਵ ਦਾ ਕੇਂਦਰ ਨਹੀਂ।

ਪਰ ਧਰਮ ਅਨੁਸਾਰ ਰੱਬ ਕੇਂਦਰ ਹੈ ਮਨੁੱਖ ਹੋਰ ਲੱਖਾਂ ਚੀਜ਼ਾਂ ਵਾਂਗ ਇਕ ਨਿਗੁਣੀ ਜਿਹੀ ਚੀਜ਼ ਹੈ ਜਿਸ ਦੀ ਕੋਈ ਬਹੁਤ ਵੱਡੀ ਮਹਾਨਤਾ ਨਹੀਂ। ਅਜਿਹੀਆਂ ਭਿੰਨਤਾਵਾਂ ਸਦਕਾ ਹੀ ਕਈ. ਅਜਿਹੀਆਂ ਸਭਾ ਸੋਸਾਇਟੀਆਂ ਹੋਂਦ ਵਿਚ ਆਈਆਂ ਜਿਹਨਾਂ ਨੇ ਆਪਣਾ ਆਦਰਸ਼ ਕੇਵਲ ਨੈਤਿਕਤਾ ਨੂੰ ਰੱਖਿਆ ਤੇ ਉਹਨਾਂ ਸਭਾਵਾਂ ਵਿਚ ਸਭ ਧਰਮਾਂ ਦੇ ਲੋਕ ਸ਼ਾਮਲ ਕੀਤੇ, ਆਸਤਕ ਵੀ ਨਾਸਤਕ ਵੀ। ਇਹਨਾਂ ਸੋਸਾਇਟੀਆਂ ਦਾ ਮਿਸ਼ਨ ਚੰਗੇ ਕੰਮ ਕਰਨ ਦਾ ਹੈ, ਧਰਮ ਪ੍ਰਚਾਰ ਦਾ ਨਹੀਂ।

**1.7.9 ਨੈਤਿਕਤਾ ਅਤੇ ਧਰਮ ਵਿਚ ਨਿਕਟ ਸੰਬੰਧ**

1. ਮਨੁੱਖੀ ਇਤਿਹਾਸ ਵਿਚ ਧਰਮ ਅਤੇ ਨੈਤਿਕਤਾ ਸਦਾ ਸੰਬੰਧਤ ਰਹੇ ਹਨ। ਕਦੀ ਕੁਦਰਤ ਦੇ ਕਰੋਪ ਅੱਗ; ਹੜ੍ਹ, ਬਿਜਲੀ, ਬੀਮਾਰੀ ਜਾਂ ਕਾਲ ਦੇ ਡਰ ਕਾਰਨ, ਕਦੀ ਵੱਖ-ਵੱਖ ਦੇਵਾਂ, ਦਾਨਵਾਂ ਦੇ ਨਾਂ ਲੈ ਲੈ ਕੇ, ਮਨੁੱਖ ਨੇਕ ਕੰਮ ਹੀ ਕਰਦਾ ਰਿਹਾ ਹੈ। ਜਦੋਂ ਨੈਤਿਕਤਾ ਬਲਵਾਨ ਹੋ ਜਾਂਦੀ ਹੈ ਤੇ ਸਰਬ ਪ੍ਰਵਾਨਿਤ ਹੋ ਜਾਂਦੀ ਹੈ ਉਦੋਂ ਨੈਤਿਕਤਾ ਲਈ ਧਰਮ ਤੋਂ ਵੱਡਾ ਪ੍ਰੇਰਨਾ ਸਰੋਤ ਹੋਰ ਕੋਈ ਨਹੀਂ।

ਨੈਤਿਕਤਾ ਨੇ ਵੀ ਧਰਮ ਦੀ ਕੋਈ ਘੱਟ ਸੇਵਾ ਨਹੀਂ ਕੀਤੀ। ਧਾਰਮਿਕ ਕਰਮ ਕਾਂਡ ਜੇ ਕਿਸੇ ਚੰਗੇ ਇਰਾਦੇ ਦੀ ਪ੍ਰੇਰਨਾ ਨਹੀਂ ਦਿੰਦੇ ਤਾਂ ਨਿਰੇ ਬਕਵਾਸ ਹਨ। ਨੈਤਿਕਤਾ ਕਾਰਣ ਹੀ ਧਾਰਮਿਕ ਰਸਮਾਂ ਸਾਨੂੰ ਚੰਗਆਂ ਲਗਦੀਆਂ ਹਨ ਕਿਉਂਕਿ ਇਹ ਰਸਮਾਂ ਨੇਕੀ ਕਰਨ ਵਾਸਤੇ ਇਕ ਤਰ੍ਹਾਂ ਦੇ ਪਵਿੱਤਰ ਪ੍ਰਣ ਹਨ। ਇਹ ਮੰਨਿਆ ਗਿਆ ਹੈ ਕਿ ਰੱਬ ਸਭ ਗੁਣਾਂ ਦਾ ਖਜਾਨਾ ਅਤੇ ਨੇਕੀਆਂ ਦਾ ਚਸ਼ਮਾ ਹੈ। ਉਹ ਉਦੋਂ ਖੁਸ਼ ਹੋ ਕੇ ਬਖਸ਼ਿਸ਼ਾਂ ਕਰਦਾ ਹੈ ਜਦੋਂ ਲੋਕ ਨੇਕੀ ਕਰਦੇ ਹਨ। ਜਿਥੇ ਝੂਠ, ਦੁਰਾਚਾਰ, ਕੁਸੱਤ ਤੇ ਕੁਕਰਮ ਹੋਣ ਲਗਦੇ ਹਨ ਰੱਬ ਉਥੇ ਨਾਰਾਜ਼ ਹੁੰਦਾ ਹੈ। ਇਸ ਗੱਲ ਸੰਬੰਧੀ ਇਕ ਅਫਰੀਕਨ ਲੋਕ ਕਹਾਣੀ ਸੁਣਾ ਦੇਣੀ ਠੀਕ ਰਹੇਗੀ। ਕਹਾਣੀ ਇੰਜ ਚਲਦੀ ਹੈ ਕਿ ਸਿਕੰਦਰ ਮਹਾਨ ਜਦੋਂ ਦੁਨੀਆਂ ਨੂੰ ਫਤਹਿ ਕਰਦਾ ਜਾ ਰਿਹਾ ਸੀ ਤਾਂ ਅਫਰੀਕਾ ਦੀ ਇਕ ਨਿੱਕੀ ਜਿਹੀ ਨੀਗਰੋ ਰਿਆਸਤ ਦੇ ਰਾਜੇ ਨੇ ਸਿਕੰਦਰ ਨੂੰ ਸੱਦਾ ਪੱਤਰ ਭੇਜਿਆ। ਸੱਦਾ ਪ੍ਰਵਾਨ ਕਰਕੇ ਸਿਕੰਦਰ ਮਿਲਣ ਚਲਾ ਗਿਆ। ਜਦੋਂ ਦੋਵੇਂ ਦਰਬਾਰ ਵਿਚ ਬੈਠੇ ਇਕ ਦੂਜੇ ਦੇ ਰਾਜਾਂ ਸੰਬੰਧੀ ਗੱਲਾ ਕਰ ਰਹੇ ਸਨ ਤਾਂ ਦੋ ਬਜ਼ੁਰਗ ਇਨਸਾਫ ਮੰਗਣ ਲਈ ਰਾਜੇ ਦੇ ਦਰਬਾਰ ਵਿਚ ਅੱਪੜੇ। ਝਗੜਾ ਇਹ ਸੀ ਕਿ ਇਹਨਾਂ ਵਿਚੋਂ ਇਕ ਬੰਦੇ ਨੇ ਪੰਜ ਬੋਰੀਆਂ ਤੂੜੀ ਦੀਆਂ ਦੂਜੇ ਬੰਦੇ ਤੋਂ ਖਰੀਦੀਆਂ ਸਨ। ਜਦੋਂ ਘਰ ਆ ਕੇ ਉਹ ਖਰੀਦੀ ਹੋਈ ਤੂੜੀ ਪਸ਼ੂਆਂ ਅੱਗੇ ਪਾਉਣ ਲੱਗਾ ਤਾਂ ਇਕ ਬੋਰੀ ਵਿਚੋਂ ਕਿੱਲੋ ਸੋਨਾ ਨਿਕਲ ਆਇਆ। ਤੂੜੀ ਦਾ ਖਰੀਦਾਰ ਤੂੜੀ ਵੇਚਣ ਵਾਲੇ ਪਾਸ ਗਿਆ ਤੇ ਕਿਹਾ ਕਿ ਤੁਹਾਡਾ ਸੋਨਾ ਹੈ ਜੋ ਬੋਰੀ ਵਿਚਲੀ ਤੂੜੀ ਨਾਲ ਮੇਰੇ ਘਰ ਚਲਾ ਗਿਆ ਹੈ। ਤੂੜੀ ਵੇਚਣ ਵਾਲਾ ਕਹਿਣ ਲੱਗਾ ਜੋ ਕੁਝ ਤੁਸੀਂ ਲੈ ਕੇ ਗਏ ਹੋ ਉਸ ਤੇ ਮੇਰਾ ਹੁਣ ਕੋਈ ਹੱਕ

ਨਹੀਂ ਬਣਦਾ। ਉਸ ਦੇ ਮਾਲਕ ਤੁਸੀਂ ਹੋ। ਪਰ ਤੂੜੀ ਦਾ ਖਰੀਦਾਰ ਕਹਿਣ ਲੱਗਾ ਕਿ ਮੈਂ ਕੇਵਲ ਤੂੜੀ ਖਰੀਦੀ ਸੀ ਸੋਨਾ ਨਹੀਂ। ਇਸ ਕਰਕੇ ਮੈਂ ਸੋਨੇ ਦਾ ਮਾਲਕ ਨਹੀਂ ਹੋ ਸਕਦਾ। ਦੋਵਾਂ ਵਿਚ ਝਗੜਾ ਨਾ ਸੁਲਝਿਆ ਤਾਂ ਉਹ ਰਾਜੇ ਦੀ ਅਦਾਲਤ ਵਿਚ ਪੇਸ਼ ਹੋ ਗਏ। ਸਿਕੰਦਰ ਨੇ ਮੁਕੱਦਮੇ ਨੂੰ ਦਿਲਚਸਪੀ ਨਾਲ ਸੁਣਿਆ। ਨੀਗਰੋ ਰਾਜੇ ਨੇ ਦੋਹਾਂ ਨੂੰ ਪੁੱਛਿਆ ਕਿ ਤੁਹਾਡੀ ਕੀ ਕੀ ਔਲਾਦ ਹੈ। ਇਕ ਦੇ ਘਰ ਬੇਟੀ ਸੀ ਦੂਜੇ ਦੇ ਘਰ ਬੇਟਾ। ਰਾਜੇ ਨੇ ਕਿਹਾ ਕਿ ਤੁਸੀਂ ਇਉਂ ਕਰੋ ਕਿ ਬੇਟੀ ਅਤੇ ਬੇਟੇ ਦਾ ਵਿਆਹ ਕਰਕੇ ਇਹ ਸੋਨਾਂ ਦੋਹਾਂ ਨੂੰ ਗ੍ਰਹਿਸਥ ਚਲਾਉਣ ਲਈ ਦੇ ਦਿਉ। ਦੋਹਾਂ ਨੇ ਇਹ ਫੈਸਲਾ ਸਵੀਕਾਰ ਕੀਤਾ ਤੇ ਘਰ ਚਲੇ ਗਏ। ਸਿਕੰਦਰ ਕਹਿਣ ਲੱਗਾ ਜੇ ਸਾਡੇ ਦੇਸ਼ ਵਿਚ ਇਸ ਤਰ੍ਹਾਂ ਦਾ ਝਗੜਾ ਸਾਡੀ ਅਦਾਲਤ ਵਿਚ ਹੁੰਦਾ ਅਸੀਂ ਤਾਂ ਫੈਸਲਾ ਇਸ ਤਰ੍ਹਾਂ ਨਹੀਂ ਸੀ ਕਰਨਾ ਜਿਵੇਂ ਤੁਸੀਂ ਕੀਤਾ। ਰਾਜੇ ਨੇ ਪੁੱਛਿਆ। ''ਤੁਸੀਂ ਕਿਵੇਂ ਫੈਸਲਾ ਕਰਦੇ?'' ਸਿਕੰਦਰ ਨੇ ਕਿਹਾ, ''ਮੈਂ ਦੋਹਾਂ ਦੇ ਕੋੜੇ ਜੜਵਾ ਦਿੰਦਾ ਤੇ ਸੋਨਾ ਖਜਾਨੇ ਵਿਚ ਜਮ੍ਹਾਂ ਕਰ ਲੈਂਦਾ। ਹੋਰ ਮੈਂ ਕੀ ਕਰਦਾ?'' ਨੀਗਰੋ ਰਾਜੇ ਨੇ ਕਿਹਾ, ''ਹੱਛਾ ਤਾਂ ਕੀ ਤੁਸੀਂ ਇਸ ਤਰ੍ਹਾਂ ਦੇ ਫੈਸਲੇ ਕਰਦੇ ਹੋ? ਤਾਂ ਇਹ ਦੱਸੋ ਕਿ ਕੀ ਫਿਰ ਵੀ ਤੁਹਾਡੇ ਦੇਸ਼ ਵਿਚ ਸੂਰਜ ਚੜ੍ਹਦਾ ਹੈ ਅਤੇ ਬਾਰਸ਼ ਹੁੰਦੀ ਹੈ?'' ਸਿਕੰਦਰ ਨੇ ਕਿਹਾ, ''ਹਾਂ, ਸੂਰਜ ਵੀ ਚੜ੍ਹਦਾ ਹੈ ਤੇ ਬਾਰਸ਼ ਵੀ ਹੁੰਦੀ ਹੈ।'' ਰਾਜੇ ਨੇ ਜਵਾਬ ਦਿੱਤਾ '' ਇਸ ਦਾ ਅਰਥ ਇਹ ਹੈ ਕਿ ਬਸ ਰੱਬ ਤੁਹਾਡੇ ਉੱਤੇ ਮਿਹਰਬਾਨ ਹੈ। ਰੱਬ ਤੁਹਾਨੂੰ ਉਹ ਕੁਝ ਦੇਂਦਾ ਹੈ ਜਿਸ ਦੇ ਤੁਸੀਂ ਹੱਕਦਾਰ ਨਹੀਂ ਹੋ।''

ਇਹ ਲੋਕ-ਕਹਾਣੀ ਨੀਤੀ ਕਥਾ ਹੈ ਜਿਸ ਰਾਹੀਂ ਪ੍ਰੇਰਨਾ ਦਿੱਤੀ ਗਈ ਹੈ ਕਿ ਰੱਬ ਨੂੰ ਬੇਇਨਸਾਫ਼ੀ ਪਸੰਦ ਨਹੀਂ ਹੈ। ਧਰਮ ਦੇ ਨਾਮ ਤੇ ਕੁਕਰਮ, ਜ਼ਬਰ, ਧੱਕਾ ਅਨਿਆ ਅਤੇ ਹਿੰਸਕ ਲੜਾਈਆਂ ਹੁੰਦੀਆਂ ਹਨ। ਪਰੰਤੂ ਹਰ ਕੋਈ ਇਹ ਕਹਿੰਦਾ ਅਤੇ ਮੰਨਦਾ ਹੈ ਕਿ ਧਰਮ ਅਤੇ ਕੁਕਰਮ ਇਕੱਠੇ ਨਹੀਂ ਰਹਿ ਸਕਦੇ। ਧਰਮ ਨੈਤਿਕ ਜੀਵਨ ਦਾ ਰਾਖਾ ਹੈ।

ਰੱਬ ਵਿਚ ਬਹੁਤ ਸਾਰੇ ਨੈਤਿਕ ਗੁਣ ਮੰਨੇ ਗਏ ਹਨ ਜਿਸ ਦਾ ਭਾਵ ਇਹ ਹੈ ਕਿ ਰੱਬ ਨੂੰ ਮੰਨਣ ਵਾਲਾ ਬੰਦਾ ਖੁਦ ਵੀ ਇਹਨਾਂ ਗੁਣਾਂ ਦਾ ਧਾਰਣੀ ਹੋਵੇ। ਧਰਮ ਦਾ ਸਿਧਾਂਤ ਇਹ ਹੈ ਕਿ ਜਿਸ ਕਿਸਮ ਦੇ ਰੱਬ ਦੀ ਅਰਾਧਨਾ ਕਰਾਂਗੇ ਉਹੋ ਜਿਹੇ ਹੋ ਜਾਵਾਂਗੇ। ਜੇ ਰੱਬ ਨਿਰਭਉ ਅਤੇ ਨਿਰਵੈਰ ਹੈ ਤਾਂ ਮਨੁੱਖ ਨਿਰਭੈ ਅਤੇ ਨਿਰਵੈਰ ਹੋਣਗੇ। ਪ੍ਰਭੂ ਨੂੰ ਕਿਰਪਾਲੂ, ਦਿਆਲੂ, ਦਾਤਾਰ, ਬਖਸ਼ਿੰਦ, ਮਿਠਬੋਲੜਾ ਅਤੇ ਨਿਆਂ ਪਸੰਦ ਮੰਨਿਆ ਗਿਆ ਹੈ। ਇਹ ਸਾਰੇ ਨੈਤਿਕ ਗੁਣ ਹਨ।

ਭਾਰਤੀ ਜੀਵਨ ਵਿਚ ਧਰਮ ਅਤੇ ਨੈਤਿਕਤਾ ਸਦਾ ਇਕੱਠੇ ਰਹੇ ਹਨ। ਵਰਣ ਆਸ਼ਰਮ ਦੇ ਸੰਕਲਪ ਵਿਚ ਜੀਵ ਨੇ ਆਪਣਾ ਵਿਸ਼ੇਸ਼ ਧਰਮ ਵੀ ਪਾਲਣਾ ਹੈ ਅਤੇ ਸਾਧਾਰਣ ਧਰਮ ਵੀ। ਸਾਧਾਰਣ ਵਿਹਾਰ ਦਾ ਭਾਵ ਹੈ ਦੂਜਿਆਂ ਨਾਲ ਅਪਣਾਇਆ ਜਾਣ ਵਾਲਾ ਰੁਖ। ਇਹੋ ਨੈਤਿਕਤਾ ਹੈ।

ਮਨੋਵਿਗਿਆਨੀਆਂ ਨੇ ਕਿਹਾ ਹੈ ਕਿ ਜਦੋਂ ਅਸੀਂ ਇਹ ਆਖਦੇ ਹਾਂ ਕਿ ਸਾਨੂੰ ਇਉਂ ਕਰਨਾ ਚਾਹੀਦਾ ਹੈ ਇਉਂ ਨਹੀਂ ਕਰਨਾ ਚਾਹੀਦਾ ਤਾਂ ਇਸ ਕਥਨ ਦਾ ਅਰਥ ਹੈ ਕਿ ਆਦਮੀ ਫੈਸਲੇ ਲੈਣ ਵਿਚ ਸੁਤੰਤਰ ਹੈ। ਉਹ ਜੋ ਕੁਝ ਕਰਦਾ ਹੈ ਉਹੋ ਹੈ ਜੋ ਕੁਝ ਕਰਨ ਦੀ ਉਸ ਵਿਚ ਸਮਰੱਥਾ ਹੈ।ਜੇ ਹਰ ਕੰਮ ਰੱਬ ਦੀ ਮਰਜ਼ੀ ਅਨੁਸਾਰ ਹੋ ਰਿਹਾ ਮੰਨ ਲਿਆ ਜਾਵੇ ਫਿਰ ਮਾੜੇ ਕੰਮਾਂ ਦੀ ਸਜ਼ਾ ਆਦਮੀ ਨੂੰ ਕਿਉਂ ਭੁਗਤਣੀ ਪਵੇ? ਕਾਂਤ ਅਨੁਸਾਰ ਕੁਦਰਤ ਨੇ ਕੁਝ ਬੁਰਾ ਜਾਂ ਚੰਗਾ ਪੈਦਾ ਨਹੀਂ ਕੀਤਾ। ਕੁਦਰਤ ਕਿਸੇ ਨਾਲ ਵਿਤਕਰਾ ਨਹੀਂ ਕਰਦੀ। ਅੱਗ, ਹਵਾ, ਪਾਣੀ, ਧਰਤੀ ਸਭ ਲਈ ਹਨ। ਨੈਤਿਕਤਾ ਨੇ ਹੀ ਪ੍ਰਭੂ ਸੱਤਾ ਦਾ ਵਿਚਾਰ ਦਿੱਤਾ ਕਿਉਂਕਿ ਮਨੁੱਖ ਅਨੁਚਿਤ ਕੰਮ ਕਰ ਰਿਹਾ ਸੀ।

**1.7.10 ਸਿੱਟਾ :**

ਧਰਮ ਅਤੇ ਨੈਤਿਕਤਾ ਦਾ ਆਪਸੀ ਸੰਬੰਧ ਬਹੁਤ ਗੂੜ੍ਹਾ ਹੈ। ਕੁਝ ਵਖਰੇਵੇ ਹੋਣ ਦੇ ਬਾਵਜੂਦ ਵੀ ਇਹ ਇਕ ਦੂਜੇ ਦੇ ਪੂਰਕ ਬਣਕੇ ਉਭਰਦੇ ਹਨ। ਇਸ ਲਈ ਹਰ ਸਮਾਜ ਲਈ ਧਾਰਮਿਕ ਅਤੇ ਵੈਦਿਕ ਹੋਣਾ

ਤੂਰੀ ਬਣ ਜਾਂਦਾ ਹੈ ਤਾਂ ਜੋ ਸਮਾਜ ਦੇ ਵਿਧੀ-ਵਿਧਾਨ ਨੂੰ ਸਹੀ ਦਿਸ਼ਾ ਵਲ ਲੈ ਜਾਇਆ ਜਾ ਸਕੇ। ਇਹ ਦੋਵੇਂ ਇਸ ਕਾਰਜ ਪ੍ਰਤੀ ਯਤਨਸ਼ੀਲ ਹੁੰਦੇ ਹਨ।

**1.7.11 ਪ੍ਰਸ਼ਨ :**

1. ਧਰਮ ਅਤੇ ਨੈਤਿਕਤਾ ਦੇ ਆਪਸੀ ਸੰਬੰਧਾਂ ਉਪਰ ਚਰਚਾ ਕਰੋ।
2. ਕੀ ਨੈਤਿਕਤਾ ਦਾ ਅਧਾਰ ਧਰਮ ਹੈ ਜਾਂ ਨਹੀਂ ? ਇਸ ਉਪਰ ਚਰਚਾ ਕਰੋ।

**1.7.12 ਪੁਸਤਕਾਂ :**

1. ਧਰਮ ਦਰਸ਼ਨ : ਮਨਜੀਤ ਸਿੰਘ
2. ਧਰਮ ਅਧਿਐਨ ਅਤੇ ਸਿੱਖ ਅਧਿਐਨ : ਦਰਸ਼ਨ ਸਿੰਘ

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.